ਸੈਕੰਡਰੀ ਸਕੂਲ ਦੇ ਸਥਾਨਾਂ ਦੀ ਵੰਡ (SSPA) ਪ੍ਰਣਾਲੀ 2022/2024

ਕੇਂਦਰੀ ਵੰਡ (ਸੈਂਟ੍ਰਲ ਐਲੋਕੇਸ਼ਨ) 'ਤੇ ਮਾਪਿਆਂ ਲਈ ਨੋਟਸ

1. "ਸਮਾਰਟ ਸਰਕਾਰ" ਦੀ ਰਣਨੀਤੀ ਦੇ ਤਹਿਤ, ਐਜੂਕੇਸ਼ਨ ਬਿਊਰੋ (EDB) ਨੇ 2023 ਤੋਂ ਸੈਕੰਡਰੀ 1 (S1) ਦਾਖਲੇ ਦਾ ਡਿਜੀਟਲੀਕਰਨ ਲਾਗੂ ਕੀਤਾ ਹੈ। EDB ਮਾਪਿਆਂ ਨੂੰ ਪੂਰੀ S1 ਐਪਲੀਕੇਸ਼ਨ ਪ੍ਰਕਿਰਿਆ ਦੌਰਾਨ ਵਧੇਰੇ ਸੁਵਿਧਾਜਨਕ ਅਤੇ ਤੇਜ਼ ਸੇਵਾਵਾਂ ਲਈ ਜਿੰਨੀ ਜਲਦੀ ਹੋ ਸਕੇ "iAM Smart+" ਨਾਲ ਰਜਿਸਟਰ ਕਰਨ ਲਈ ਉਤਸ਼ਾਹਿਤ ਕਰਦਾ ਹੈ। ਮਾਪੇ "iAM Smart+" ਰਜਿਸਟ੍ਰੇਸ਼ਨ ਬਾਰੇ ਵੇਰਵਿਆਂ ਲਈ "iAM Smart" ਨਾਲ ਸਬੰਧਤ ਵੈੱਬਸਾਈਟ (https://www.iamsmart.gov.hk/en/) (ਚੁਣੋ: Home > "iAM Smart" registration > Registration Methods) 'ਤੇ ਜਾ ਸਕਦੇ ਹਨ ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰਕੇ "iAM Smart" ਮੋਬਾਈਲ ਐਪ ਨੂੰ ਡਾਊਨਲੋਡ ਕਰ ਸਕਦੇ ਹਨ।

2. ਉਹ ਮਾਪੇ ਜਿਨ੍ਹਾਂ ਨੂੰ SSPA ਈ-ਪਲੇਟਫਾਰਮ ਉਪਭੋਗਤਾਵਾਂ ਵਜੋਂ ਰਜਿਸਟਰ ਕੀਤਾ ਗਿਆ ਹੈ **ਅਤੇ ਉਹਨਾਂ ਦੇ ਖਾਤੇ ਨੂੰ "iAM Smart+" ਨਾਲ ਜੋੜਿਆ ਹੋਇਆ ਹੈ**, ਉਹ ਕਾਗਜ਼ੀ ਸੈਕੰਡਰੀ ਵਨ ਚੁਆਇਸ ਆਫ ਸਕੂਲਜ਼ ਫਾਰਮ (ਚੋਆਇਸ ਫਾਰਮ) ਤੋਂ ਇਲਾਵਾ, ਆਪਣੀ ਹਾਜ਼ਰੀ ਵਾਲੇ ਪ੍ਰਾਇਮਰੀ ਸਕੂਲ ਨੂੰ SSPA ਈ-ਪਲੇਟਫਾਰਮ ਰਾਹੀਂ ਕੇਂਦਰੀ ਅਲਾਟਮੈਂਟ (CA) ਅਰਜ਼ੀ ਜਮ੍ਹਾ ਕਰ ਸਕਦੇ ਹਨ। ਮਾਪੇ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰ ਸਕਦੇ ਹਨ ਅਤੇ ਆਪਣੇ ਬੱਚੇ ਦੇ ਵਿਦਿਆਰਥੀ ਸੰਦਰਭ ਨੰਬਰ ਦੇ ਨਾਲ-ਨਾਲ ਪ੍ਰਾਇਮਰੀ ਸਕੂਲਾਂ ਦੁਆਰਾ ਪ੍ਰਦਾਨ ਕੀਤੇ ਗਏ ਐਕਟੀਵੇਸ਼ਨ ਕੋਡ ਦੇ ਨਾਲ ਇੱਕ SSPA ਈ-ਪਲੇਟਫਾਰਮ ਖਾਤਾ ਰਜਿਸਟਰ ਕਰ ਸਕਦੇ ਹਨ। ਜੇਕਰ ਮਾਤਾ-ਪਿਤਾ ਨੇ ਇਖਤਿਆਰੀ ਸਥਾਨਾਂ (DP) ਦੇ ਪੜਾਅ 'ਤੇ SSPA ਈ-ਪਲੇਟਫਾਰਮ ਖਾਤੇ ਨੂੰ ਐਕਟੀਵੇਟ ਕੀਤਾ ਹੈ, ਤਾਂ ਉਹ ਆਪਣੇ ਬੱਚੇ ਲਈ SSPA ਈ-ਪਲੇਟਫਾਰਮ ਰਾਹੀਂ ਚੁਆਇਸ ਫਾਰਮ ਜਮ੍ਹਾ ਕਰਨ ਲਈ ਉਸੇ ਖਾਤੇ ਦੀ ਵਰਤੋਂ ਕਰਨਾ ਜਾਰੀ ਰੱਖ ਸਕਦੇ ਹਨ। SSPA ਈ-ਪਲੇਟਫਾਰਮ ਖਾਤਾ ਬਣਾਉਣ ਅਤੇ ਲੌਗਇਨ ਪ੍ਰਕਿਰਿਆਵਾਂ ਲਈ, ਕਿਰਪਾ ਕਰਕੇ EDB ਦੇ ਹੋਮਪੇਜ (https://www.edb.gov.hk) 'ਤੇ ਅੱਪਲੋਡ ਕੀਤੇ ਸਬੰਧਿਤ ਵੀਡੀਓ ਅਤੇ ਮਾਪਿਆਂ ਦੀ ਗਾਈਡ ਵੇਖੋ (ਚੁਣੋ: Home > Education System and Policy > Primary and Secondary Education > School Places Allocation Systems > Secondary School Places Allocation (SSPA) System > Digitalisation of S1 Admission))।

SSPA e-Platform
(https://esspa.edb.gov.hk)

ਕੇਂਦਰੀ ਵੰਡ ਲਈ ਪ੍ਰਬੰਧ

ਮੌਜੂਦਾ ਪ੍ਰਬੰਧ

3. ਮੌਜੂਦ ਪ੍ਰਬੰਧਨ ਅਨੁਸਾਰ, CA ਪੜਾਅ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ:

- ਭਾਗ A "ਅਸੀਮਿਤ ਸਕੂਲ ਚੋਣ": ਮਾਪਿਆਂ ਲਈ ਕਿਸੇ ਵੀ ਸਕੂਲ ਨੈੱਟ ਵਿੱਚੋਂ ਵੱਧ ਤੋਂ ਵੱਧ 3 ਸਕੈਂਡਰੀ ਸਕੂਲ ਚੁਣਨ ਲਈ (ਵਿਦਿਆਰਥੀ ਦੇ ਸਕੂਲ ਨੈੱਟ ਸਮੇਤ) ।

- ਭਾਗ B "ਸੀਮਿਤ ਸਕੂਲ ਚੋਣ": ਮਾਪਿਆਂ ਲਈ ਵਿਦਿਆਰਥੀ ਦੇ ਸਕੂਲ ਨੈੱਟ ਤੋਂ ਵੱਧ ਤੋਂ ਵੱਧ 30 ਸਕੈਂਡਰੀ ਸਕੂਲ ਚੁਣਨ ਲਈ।

ਕੰਪਿਊਟਰ ਪਹਿਲਾਂ ਭਾਗ A ਵਿੱਚ ਸਭ ਵਿਦਿਆਰਥੀਆਂ ਦੇ ਸਕੂਲ ਚੋਣਾਂ ਦੀ ਪ੍ਰਕਿਰਿਆ ਕਰੇਗਾ। ਜੇਕਰ ਵਿਦਿਆਰਥੀਆਂ ਨੂੰ ਭਾਗ A ਵਿੱਚ ਸਕੂਲ ਦੇ ਸਥਾਨਾਂ ਦੀ ਵੰਡ ਨਹੀਂ ਕੀਤੀ ਜਾਂਦੀ ਤਾਂ ਭਾਗ B ਦੇ ਸਕੂਲ ਚੋਣਾਂ 'ਤੇ ਪ੍ਰਕਿਰਿਆ ਕੀਤੀ ਜਾਵੇਗੀ।

SSPAਪ੍ਰਣਾਲੀ ਵਿੱਚ ਹਿੱਸਾ ਲੈਣ ਵਾਲੇ ਸੈਕੰਡਰੀ ਸਕੂਲਾਂ ਲਈ, ਦੁਹਰਾਏ ਗਏ ਅਤੇ DP ਦੀ ਕਟੌਤੀ ਤੋਂ ਬਾਅਦ ਬਾਕੀ ਬਚੇ S1ਸਥਾਨਾਂ ਨੂੰ CA ਲਈ ਵਰਤਿਆ ਜਾਂਦਾ ਹੈ। CA ਸਥਾਨਾਂ ਵਿੱਚੋਂ, ਭਾਗ A ਵਿੱਚ ਅਸੀਮਿਤ ਸਕੂਲ ਚੋਣ ਦੀ ਵੰਡ ਲਈ 10% ਨਿਰਧਾਰਿਤ ਕੀਤੇ ਗਏ ਹਨ, ਅਤੇ ਬਾਕੀ 90% ਹਿੱਸਾ ਭਾਗ B[1] ਵਿੱਚ ਸੀਮਿਤ ਸਕੂਲ ਚੋਣ ਲਈ ਨਿਰਧਾਰਿਤ ਕੀਤੇ ਗਏ ਹਨ। ਮਾਪਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ DP ਅਤੇ CA ਦੇ ਵੱਖ-ਵੱਖ ਸਕੂਲਾਂ ਦੇ S1 ਸਥਾਨਾਂ ਦੀ ਗਿਣਤੀ ਸਿਰਫ ਅਨੁਮਾਨਿਤ ਅੰਕੜੇ ਹਨ। ਵੰਡ ਲਈ ਸਥਾਨਾਂ ਦੀ ਅੰਤਿਮ ਗਿਣਤੀ ਤਬਦੀਲੀ ਦੇ ਅਧੀਨ ਹੋ ਸਕਦੀ ਹੈ।

ਸਕੂਲ ਦੇ ਸਥਾਨਾਂ ਦੀ ਵੰਡ ਦੀ ਸਿਧਾਂਤ

4. CA ਵਿਦਿਆਰਥੀ ਦੇ ਵੰਡ ਬੈਂਡ, ਮਾਪਿਆਂ ਦੀ ਸਕੂਲਾਂ ਦੀ ਚੋਣ ਅਤੇ ਬੇਤਰਤੀਬ ਨੰਬਰ 'ਤੇ ਆਧਾਰਿਤ ਹੈ।

ਅੰਦਰੂਨੀ ਮੁਲਾਂਕਣ

5. ਵਿਦਿਆਰਥੀਆਂ ਦੇ ਮਾਨਕੀਕ੍ਰਿਤ ਸਕੂਲ ਦੇ ਅੰਦਰੂਨੀ ਮੁਲਾਂਕਣ (IA) ਦੇ ਨਤੀਜੇ ਪ੍ਰਾਇਮਰੀ 5 (P5) ਦੇ ਅੰਤ ਵਿੱਚ, ਅਤੇ ਦੋਵੇਂ ਅੱਧ ਸਾਲ ਅਤੇ ਪ੍ਰਾਇਮਰੀ 6 P6 ਦੇ ਅੰਤ ਵਿੱਚ ਉਹਨਾਂ ਦੇ ਵੰਡ ਬੈਂਡ ਨਿਰਧਾਰਤ ਕਰਨ ਲਈ ਅਧਾਰ ਹਨ।

[1] ਭਾਗ A ਅਤੇ B ਵਿੱਚ ਫੀਡਰ/ਨਾਮਜ਼ਦ/ਥ੍ਰੂ-ਟ੍ਰੇਨ ਸੈਕੰਡਰੀ ਸਕੂਲ ਦੇ ਖੁੱਲ੍ਹੇ ਸਥਾਨ ਦੀ ਗਿਣਤੀ ਉਨ੍ਹਾਂ ਦੇ ਸੰਬੰਧਿਤ ਪ੍ਰਾਇਮਰੀ ਸਕੂਲਾਂ ਲਈ ਰਾਖਵੇਂ ਸਥਾਨਾਂ ਨੂੰ ਘਟਾਉਣ ਤੋਂ ਬਾਅਦ ਕੀਤੀ ਜਾਂਦੀ ਹੈ। ਵੇਰਵਿਆਂ ਲਈ, ਕ੍ਰਿਪਾ ਕਰਕੇ ਇਸ ਨੋਟ ਦੇ ਪੈਰਾਗ੍ਰਾਫ਼ 20 ਅਤੇ 21 ਦੇਖੋ।

ਸਕੇਲਿੰਗ ਕਾਰਜਵਿਧੀ

6. ਜਿਵੇਂ ਕਿ ਵੱਖ ਵੱਖ ਸਕੂਲਾਂ ਵਿੱਚ ਵੱਖ ਵੱਖ ਪਾਠਕ੍ਰਮ ਹੋ ਸਕਦੇ ਹਨ ਅਤੇ ਮੁਲਾਂਕਣ ਦਾ ਮਿਆਰ ਸਕੂਲਾਂ ਵਿੱਚ ਵੱਖੋ ਵੱਖਰਾ ਹੋ ਸਕਦਾ ਹੈ, ਇਸ ਲਈ ਇਹ ਉੱਚਿਤ ਨਹੀਂ ਹੈ ਕਿ ਸਾਰੇ ਸਕੂਲਾਂ ਦੇ IA ਨਤੀਜਿਆਂ ਨੂੰ ਸਿੱਧੇ ਤੌਰ 'ਤੇ ਵੰਡ ਦੇ ਉਦੇਸ਼ ਲਈ ਯੋਗਤਾ ਦਾ ਆਰਡਰ ਬਣਾਉਣ ਲਈ। ਇਸ ਲਈ, ਸਾਰੇ ਹਿੱਸਾ ਲੈਣ ਵਾਲੇ ਸਕੂਲਾਂ ਦੇ IA ਨਤੀਜਿਆਂ ਨੂੰ ਮਾਪਣ ਲਈ ਇਕ ਸਕੇਲਿੰਗ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੇ ਸਕੇਲ ਕੀਤੇ ਅੰਕ ਦੀ ਤੁਲਨਾ ਕੀਤੀ ਜਾ ਸਕੇ। SSPA 2022/2024 ਵਿੱਚ CA ਲਈ, ਸਕੂਲ ਦੇ ਸਾਲ 2016 ਅਤੇ 2018 ਵਿੱਚ ਪ੍ਰੀ-ਸੈਕੰਡਰੀ ਵਨ ਹਾਂਗਕਾਂਗ ਦੇ ਪ੍ਰਾਪਤੀ ਦੇ ਨਮੂਨੇ ਦੇ ਔਸਤਨ ਨਤੀਜੇ ਸਕੇਲਿੰਗ ਟੂਲ ਦੇ ਤੌਰ ਤੇ ਵਰਤੇ ਜਾਂਦੇ ਹਨ।

ਵੰਡ ਬੈਂਡ

7. ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੇਲ ਅੰਕੜਿਆਂ ਅਨੁਸਾਰ ਮੈਰਿਟ ਦੀ ਤਰਤੀਬ ਵਿੱਚ ਰੱਖਿਆ ਜਾਂਦਾ ਹੈ ਅਤੇ ਤਿੰਨ ਵੰਡ ਬੈਂਡਾਂ ਵਿੱਚ ਵੰਡਿਆ ਜਾਂਦਾ ਹੈ। ਭਾਗ A ਵਿੱਚ "ਅਸੀਮਿਤ ਸਕੂਲ ਚੋਣ" ਦੀ ਪ੍ਰਕਿਰਿਆ ਕਰਨ ਵੇਲੇ, ਖੇਤਰ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਦੇ ਨੰਬਰਾਂ ਨੂੰ ਮੈਰਿਟ ਦੀ ਇੱਕ ਤਰਤੀਬ ਵਿੱਚ ਰੱਖਿਆ ਜਾਵੇਗਾ। ਫਿਰ ਵਿਦਿਆਰਥੀਆਂ ਨੂੰ ਬਰਾਬਰ ਦੇ ਤਿੰਨ ਖੇਤਰੀ ਬੈਂਡਾਂ ਵਿੱਚ ਵੰਡਿਆ ਜਾਵੇਗਾ, ਹਰੇਕ ਖੇਤਰ ਵਿੱਚ ਹਿੱਸਾ ਲੈਣ ਵਾਲੇ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਦਾ ਇੱਕ ਤਿਹਾਈ ਹਿੱਸਾ ਹੁੰਦਾ ਹੈ । ਭਾਗ B ਵਿੱਚ "ਸੀਮਿਤ ਸਕੂਲ ਚੋਣ" ਦੀ ਪ੍ਰਕਿਰਿਆ ਕਰਨ 'ਤੇ, ਇੱਕੋ ਸਕੂਲ ਨੈੱਟ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਅੰਕਾਂ ਨੂੰ ਮੈਰਿਟ ਦੀ ਇੱਕ ਤਰਤੀਬ ਵਿੱਚ ਰੱਖਿਆ ਜਾਵੇਗਾ। ਫਿਰ ਵਿਦਿਆਰਥੀਆਂ ਨੂੰ ਸਮਾਨ ਤੌਰ 'ਤੇ ਤਿੰਨ ਨੈੱਟ ਬੈਂਡਾਂ ਵਿੱਚ ਵੰਡਿਆ ਜਾਏਗਾ, ਹਰੇਕ ਸਕੂਲ ਨੈੱਟ ਵਿੱਚ ਹਿੱਸਾ ਲੈਣ ਵਾਲੇ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਦਾ ਇੱਕ ਤਿਹਾਈ ਹਿੱਸਾ ਹੁੰਦਾ ਹੈ । ਵੰਡ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਨੂੰ ਬਰਕਰਾਰ ਨਹੀਂ ਰੱਖਿਆ ਜਾਵੇਗਾ।

ਬੇਤਰਤੀਬ ਨੰਬਰ

8. ਬੇਤਰਤੀਬ ਨੰਬਰ, ਜੋ ਕਿ ਕੇਂਦਰੀ ਵੰਡ ਪ੍ਰੋਗਰਾਮ ਚਲਾਉਣ ਤੋਂ ਪਹਿਲਾਂ ਕੰਪਿਊਟਰ ਦੁਆਰਾ ਤਿਆਰ ਕੀਤੇ ਜਾਂਦੇ ਹਨ, ਉਸੇ ਵੰਡ ਬੈਂਡ ਵਿੱਚ ਵਿਦਿਆਰਥੀਆਂ ਦੀ ਵੰਡ ਦੀ ਤਰਤੀਬ ਨਿਰਧਾਰਿਤ ਕਰਨ ਲਈ ਵਰਤਿਆ ਜਾਂਦਾ ਹੈ। ਜੇ ਸਕੂਲ ਦੇ ਕਿਸੇ ਖਾਸ ਸੈਕੰਡਰੀ ਸਕੂਲ ਦੀ ਮੰਗ ਸਪਲਾਈ ਤੋਂ ਜ਼ਿਆਦਾ ਹੋ ਜਾਂਦੀ ਹੈ, ਤਾਂ ਉਸੇ ਵੰਡ ਬੈਂਡ ਦੇ ਅੰਦਰ ਇੱਕ ਛੋਟਾ ਬੇਤਰਤੀਬ ਨੰਬਰ ਵਾਲੇ ਵਿਦਿਆਰਥੀ ਨੂੰ ਸਥਾਨ ਪਹਿਲਾਂ ਦਿੱਤਾ ਜਾਵੇਗਾ। ਬੇਤਰਤੀਬ ਨੰਬਰ ਦਾ "ਵਿਦਿਆਰਥੀ ਸੰਦਰਭ ਨੰਬਰ" ਜਾਂ ਵਿਦਿਆਰਥੀ ਦੇ ਨਿੱਜੀ ਅੰਕੜਿਆਂ ਨਾਲ ਕੋਈ ਸੰਬੰਧ ਨਹੀਂ ਹੈ। ਵੰਡ ਪ੍ਰਕ੍ਰਿਆ ਦੌਰਾਨ, ਹਰੇਕ ਵਿਦਿਆਰਥੀ ਨੂੰ ਸਿਰਫ ਇੱਕ ਬੇਤਰਤੀਬ ਨੰਬਰ ਦਿੱਤਾ ਜਾਵੇਗਾ। ਬੇਤਰਤੀਬ ਨੰਬਰ ਨੂੰ ਨਿਰਧਾਰਿਤ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਬਰਕਰਾਰ ਨਹੀਂ ਰੱਖਿਆ ਜਾਵੇਗਾ।

ਸਕੂਲ ਅਤੇ ਸਕੂਲ ਨੈੱਟ ਦੀ ਮਾਪਿਆਂ ਦੁਆਰਾਚੋਣ

9. ਮਾਪੇ ਭਾਗ A "ਅਸੀਮਿਤ ਸਕੂਲ ਚੋਣ" ਵਿੱਚ ਕਿਸੇ ਵੀ ਸਕੂਲੀ ਨੈੱਟ ਤੋਂ ਵੱਧ ਤੋਂ ਵੱਧ ਤਿੰਨ ਸੈਕੰਡਰੀ ਸਕੂਲ ਦੀ ਚੋਣ ਕਰ ਸਕਦੇ ਹਨ ਅਤੇ ਮਾਪੇ ਭਾਗ B "ਸੀਮਿਤ ਸਕੂਲ ਚੋਣ" ਵਿੱਚ ਕਿਸੇ ਵੀ ਸਕੂਲੀ ਨੈੱਟ ਤੋਂ ਵੱਧ ਤੋਂ ਵੱਧ 30 ਸੈਕੰਡਰੀ ਸਕੂਲ ਦੀ ਚੋਣ ਕਰ ਸਕਦੇ ਹਨ।

10. ਜ਼ਿਲ੍ਹਾ ਪ੍ਰਸ਼ਾਸਕੀ ਹੱਦਾਂ ਦੇ ਅਨੁਸਾਰ, ਪੂਰੇ ਖੇਤਰ ਨੂੰ 18 ਸਕੂਲ ਨੈੱਟ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਛੱਡ ਕੇ ਜਿਨ੍ਹਾਂ ਦੀਆਂ ਅਰਜ਼ੀਆਂ ਕਰੌਸ-ਨੈੱਟ ਵੰਡ ਲਈ ਮਨਜ਼ੂਰ ਹੋ ਗਈਆਂ ਹਨ, ਉਹ ਸਕੂਲ ਨੈੱਟ ਜਿਸ ਨਾਲ ਵਿਦਿਆਰਥੀ ਸੰਬੰਧਿਤ ਹੈ, ਉਸ ਨੂੰ ਪ੍ਰਾਇਮਰੀ ਸਕੂਲ ਦੇ ਸਥਾਨ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਦਾਖਿਲ ਹੈ ਨਾ ਕਿ ਉਹ ਜ਼ਿਲ੍ਹਾ ਜਿੱਥੇ ਵਿਦਿਆਰਥੀ ਰਹਿੰਦਾ ਹੈ। ਹਰੇਕ ਸਕੂਲ ਨੈੱਟ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਸ਼ਾਮਿਲ ਹਨ ਅਤੇ ਦੂਜੇ ਜ਼ਿਲ੍ਹਿਆਂ ਦੇ ਸੈਕੰਡਰੀ ਸਕੂਲ ਜੋ ਨੈੱਟ ਦੇ ਸਕੂਲਾਂ ਨੂੰ ਸਥਾਨ ਮੁਹੱਈਆ ਕਰਵਾਉਂਦੇ ਹਨ। ਦੂਜੇ ਜ਼ਿਲ੍ਹਿਆਂ ਤੋਂ ਸੈਕੰਡਰੀ ਸਕੂਲ ਅਤੇ ਸਕੂਲ ਦੇ ਸਥਾਨ ਹਰ ਸਾਲ-ਦਰ-ਸਾਲ ਬਦਲ ਸਕਦੇ ਹਨ।

ਸਕੂਲ ਦੇ ਸਥਾਨਾਂ ਦੀ ਵੰਡ ਦੀ ਪ੍ਰਕਿਰਿਆ

11. CA ਵਿੱਚ, ਭਾਗ A ਵਿੱਚ ਪਹਿਲਾਂ "ਅਸੀਮਿਤ ਸਕੂਲ ਚੋਣ" ਦੀ ਪ੍ਰਕਿਰਿਆ ਕੀਤੀ ਜਾਂਦੀ ਹੈ, ਇਸਤੋਂ ਬਾਅਦ ਭਾਗ B ਵਿੱਚ "ਸੀਮਿਤ ਸਕੂਲ ਚੋਣ" ਕੀਤੀ ਜਾਂਦੀ ਹੈ।

12. ਭਾਗ A ਵਿੱਚ "ਅਸੀਮਿਤ ਸਕੂਲ ਚੋਣ" 'ਤੇ ਪ੍ਰਕ੍ਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਖੇਤਰੀ ਬੈਂਡ 1 ਦੇ ਵਿਦਿਆਰਥੀਆਂ ਨੂੰ ਸਕੂਲ ਦੇ ਸਥਾਨਾਂ ਦੀ ਵੰਡ ਕਰੇਗਾ। ਵੰਡ ਪ੍ਰਕਿਰਿਆ ਇਹ ਹੈ: ਕੰਪਿਊਟਰ ਪਹਿਲਾਂ ਖੇਤਰੀ ਬੈਂਡ 1 ਦੇ ਵਿਦਿਆਰਥੀਆਂ ਦੁਆਰਾ ਬਣਾਏ ਗਏ "ਅਸੀਮਿਤ ਸਕੂਲ ਦੀਆਂ ਚੋਣਾਂ" ਦੇ ਤਹਿਤ ਸਕੂਲ ਦੇ ਪਹਿਲੇ ਵਿਕਲਪਾਂ ਦੀ ਜਾਂਚ ਕਰੇਗਾ ਅਤੇ ਅਤੇ ਵਿਦਿਆਰਥੀਆਂ ਨੂੰ ਅਸੀਮਿਤ ਵੰਡ ਲਈ ਅਲੱਗ ਰੱਖੇ ਸਕੂਲ ਸਥਾਨਾਂ ਨੂੰ ਭਰਨ ਲਈ ਨਿਰਧਾਰਿਤ ਕਰੇਗਾ। ਜੇ ਸਕੂਲ ਵਿੱਚ ਉਪਲੱਬਧ ਸਥਾਨ ਸਕੂਲ ਦੀ ਚੋਣ ਕਰਨ ਵਾਲੇ ਵਿਦਿਆਰਥੀਆਂ ਨਾਲੋਂ ਜ਼ਿਆਦਾ ਹਨ, ਤਾਂ ਸਾਰੇ ਵਿਦਿਆਰਥੀ ਜੋ ਇਸ ਸਕੂਲ ਨੂੰ ਪਹਿਲੀ ਪਸੰਦ ਦੇ ਤੌਰ 'ਤੇ ਚੁਣਦੇ ਹਨ, ਉਨ੍ਹਾਂ ਨੂੰ ਇਸ ਨੂੰ ਨਿਰਧਾਰਿਤ ਕੀਤਾ ਜਾਵੇਗਾ। ਜੇਕਰ ਵਿਦਿਆਰਥੀਆਂ ਦੀ ਪਹਿਲੀ ਚੋਣ ਦੀ ਗਿਣਤੀ ਉਪਲੱਬਧ ਸਥਾਨਾਂ ਨਾਲੋਂ ਵੱਧ ਹੈ, ਤਾਂ ਛੋਟੇ ਬੇਤਰਤੀਬ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਉਸ ਸਕੂਲ ਦੇ ਸਥਾਨਾਂ ਦੀ ਵੰਡ ਲਈ ਨਿਰਧਾਰਿਤ ਕੀਤਾ ਜਾਵੇਗਾ। ਖੇਤਰੀ ਬੈਂਡ 1 ਦੇ ਸਾਰੇ ਵਿਦਿਆਰਥੀਆਂ ਦੀਆਂ ਪਹਿਲੀ ਚੋਣ ਦੀ ਪ੍ਰਕਿਰਿਆ ਕਰਨ ਤੋਂ ਬਾਅਦ, ਕੰਪਿਊਟਰ ਉਸੇ ਵਿਧੀ ਨਾਲ ਗੈਰ-ਨਿਯੁਕਤ ਵਿਦਿਆਰਥੀਆਂ ਦੀ ਦੂਜੀ ਚੋਣ (ਜੇਕਰ ਕੋਈ ਹੈ) ਦੀ ਜਾਂਚ ਕਰੇਗਾ, ਅਤੇ ਅੰਤ ਵਿੱਚ, ਉਨ੍ਹਾਂ ਦੀ ਤੀਜੀ ਚੋਣ ਦੀ (ਜੇਕਰ ਕੋਈ ਹੈ)। ਖੇਤਰੀ ਬੈਂਡ 1 ਵਿਚਲੇ ਵਿਦਿਆਰਥੀਆਂ ਦੇ ਸਾਰੇ ਸਕੂਲਾਂ ਚੋਣ ਦੀ ਜਾਂਚ ਹੋ ਜਾਣ ਤੋਂ ਬਾਅਦ, ਖੇਤਰੀ ਬੈਂਡ 2 ਵਿੱਚ ਵਿਦਿਆਰਥੀਆਂ ਦੀ ਸਕੂਲ ਚੋਣ ਪ੍ਰਕਿਰਿਆ ਅਤੇ ਅੰਤ ਵਿੱਚ ਖੇਤਰੀ ਬੈਂਡ 3 ਲਈ ਕੰਪਿਊਟਰ ਉਸੇ ਪ੍ਰਕਿਰਿਆ ਦੀ ਪਾਲਣਾ ਕਰਦਾ ਹੈ।

13. ਭਾਗ 'A' ਵਿੱਚ ਵਿਦਿਆਰਥੀਆਂ ਦੀ ਚੋਣ 'ਤੇ ਪ੍ਰਕਿਰਿਆ ਕਰਨ ਤੋਂ ਬਾਅਦ ਕੰਪਿਊਟਰ ਭਾਗ B ਵਿੱਚ "ਸੀਮਿਤ ਸਕੂਲ ਚੋਣਾਂ" ਨੂੰ ਲਾਗੂ ਕਰਨ ਲਈ ਅੱਗੇ ਵਧੇਗਾ। ਭਾਗ A ਵਿੱਚ ਸਕੂਲ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਰਹਿਣ ਵਾਲੇ ਵਿਦਿਆਰਥੀ ਨੂੰ ਭਾਗ B ਵਿੱਚ ਸਥਾਨ ਨਿਰਧਾਰਿਤ ਨਹੀਂ ਕੀਤਾ ਜਾਵੇਗਾ। ਭਾਗ A ਵਿੱਚ ਜੇਕਰ ਸਾਰੀਆਂ ਸਕੂਲ ਚੋਣ ਦੇ ਖਤਮ ਹੋਣ ਦੇ ਬਾਅਦ ਵਿੱਚ ਵਿਦਿਆਰਥੀਆਂ ਨੂੰ ਸਕੂਲ ਦੇ ਸਥਾਨਾਂ ਦੀ ਵੰਡ ਨਹੀਂ ਹੁੰਦੀ ਤਾਂ ਉਨ੍ਹਾਂ ਨੂੰ ਭਾਗ B ਵਿੱਚ ਸਕੂਲ ਦੇ ਸਥਾਨਾਂ ਦੀ ਵੰਡ ਕੀਤੀ ਜਾਵੇਗੀ।

14. ਭਾਗ B ਵਿੱਚ ਸਕੂਲ ਦੇ ਸਥਾਨਾਂ ਦੀ ਵੰਡ ਸਕੂਲ ਨੈੱਟ ਦੁਆਰਾ ਕੀਤੀ ਜਾਂਦੀ ਹੈ। ਇਸ ਭਾਗ ਵਿੱਚ ਸੀਮਿਤ ਸਕੂਲ ਚੋਣ 'ਤੇ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਵਿਦਿਆਰਥੀਆਂ ਨੂੰ ਨੈੱਟ ਬੈਂਡ 1 ਵਿੱਚ ਸਕੂਲ ਦੇ ਸਥਾਨਾਂ ਨੂੰ ਨਿਰਧਾਰਿਤ ਕਰੇਗਾ। ਵੰਡ ਪ੍ਰਕਿਰਿਆ ਇਹ ਹੈ: ਕੰਪਿਊਟਰ ਪਹਿਲਾਂ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਪਹਿਲੀ ਸਕੂਲ ਚੋਣਾਂ ਦੀ ਜਾਂਚ ਕਰੇਗਾ। ਜੇਕਰ ਸੀਮਿਤ ਵੰਡ ਲਈ ਸਕੂਲ ਵਿੱਚ ਰੱਖੇ ਗਏ ਸਥਾਨਾਂ ਦੀ ਗਿਣਤੀ ਚੋਣ ਕਰਨ ਵਾਲੇ ਵਿਦਿਆਰਥੀਆਂ ਨਾਲੋਂ ਜ਼ਿਆਦਾ ਹੈ, ਤਾਂ ਉਸ ਸਾਰੇ ਵਿਦਿਆਰਥੀ ਜੋ ਇਸ ਸਕੂਲ ਨੂੰ ਪਹਿਲੀ ਪਸੰਦ ਦੇ ਤੌਰ 'ਤੇ ਚੁਣਦੇ ਹਨ,ਉਨ੍ਹਾਂ ਨੂੰ ਇਹ ਨਿਰਧਾਰਿਤ ਕੀਤਾ ਜਾਵੇਗਾ। ਜੇ ਕਿਸੇ ਸਕੂਲ ਦੀ ਉਸੇ ਨੈੱਟ ਬੈਂਡ ਵਿੱਚ ਚੋਣ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਹਨਾਂ ਦੀ ਪਹਿਲੀ ਪਸੰਦ ਦੇ ਸਥਾਨਾਂ ਨਾਲੋਂ ਵੱਧ ਹੈ, ਤਾਂ ਛੋਟੇ ਬੇਤਰਤੀਬ ਨੰਬਰ ਵਾਲੇ ਵਿਦਿਆਰਥੀਆਂ ਨੂੰ ਉਸ ਸਕੂਲ ਦੇ ਸਥਾਨ ਸਬ ਤੋਂ ਪਹਿਲਾਂ ਇਸ ਹਿੱਸੇ ਨੂੰ ਪੂਰੀ ਤਰ੍ਹਾਂ ਵਰਤੇ ਜਾਣ ਤੱਕ ਨਿਰਧਾਰਿਤ ਕੀਤੇ ਜਾਣਗੇ। ਨੈੱਟ ਬੈਂਡ 1 ਦੇ ਸਾਰੇ ਵਿਦਿਆਰਥੀਆਂ ਦੀ ਪਹਿਲੀ ਚੋਣ ਦੀ ਪ੍ਰਕਿਰਿਆ ਕੀਤੇ ਜਾਣ ਤੋਂ ਬਾਅਦ, ਕੰਪਿਊਟਰ ਉਸੇ ਵਿਧੀ ਨਾਲ ਬੈਂਡ ਦੇ ਅਣਵੰਡੇ ਵਿਦਿਆਰਥੀਆਂ ਦੀ ਦੂਜੀ ਚੋਣ ਦੀ ਜਾਂਚ ਕਰੇਗਾ। ਅਤੇ ਇਸ ਪ੍ਰਕਿਰਿਆ ਨੂੰ ਦੁਹਰਾਇਆ ਜਾਏਗਾ ਜਦੋਂ ਤੱਕ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਹਰ ਇੱਕ ਸਕੂਲ ਚੋਣਾਂ ਦੀ ਜਾਂਚ ਨਹੀਂ ਕੀਤੀ ਜਾਂਦੀ। ਉਨ੍ਹਾਂ ਵਿਦਿਆਰਥੀਆਂ ਲਈ ਜਿਹਨਾਂ ਦੇ ਸਾਰੇ ਸਕੂਲ ਚੋਣਾਂ ਖਤਮ ਹੋਣ ਤੋਂ ਬਾਅਦ ਵੀ ਸਥਾਨ ਨਹੀਂ ਦਿੱਤਾ ਜਾਂਦਾ, ਕੰਪਿਊਟਰ ਉਨ੍ਹਾਂ ਨੂੰ ਸਕੂਲ ਨੈੱਟ ਦੇ ਬਾਕੀ ਬਚੇ ਸੈਕੰਡਰੀ ਸਕੂਲ[2] ਦੇ ਸਥਾਨਾਂ ਦੀ ਵੰਡ ਕਰੇਗਾ। ਜਦੋਂ ਨੈੱਟ ਬੈਂਡ 1 ਦੇ ਸਾਰੇ ਵਿਦਿਆਰਥੀਆਂ ਨੂੰ

[2] ਡਾਇਰੈਕਟ ਸਬਸਿਡੀ ਸਕੀਮ ਸਕੂਲਾਂ ਅਤੇ ਟਿੱਪਣੀ "ਵਿਦਿਆਰਥੀਆਂ ਨੂੰ ਇਸ ਸਕੂਲ ਦੇ ਵੰਡ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਉਨ੍ਹਾਂ ਨੇ ਇਸ ਨੂੰ ਆਪਣੀ ਚੋਣ ਵਿੱਚ ਸ਼ਾਮਿਲ ਨਹੀਂ ਕੀਤਾ ਹੈ" ਦੇ ਨਾਲ ਵਾਲੇ ਸਕੂਲਾਂ ਨੂੰ ਛੱਡ ਕੇ।

ਸਕੂਲ ਦੇ ਸਥਾਨਾਂ ਦੀ ਵੰਡ ਕੀਤੀ ਜਾਂਦੀ ਹੈ, ਤਾਂ ਕੰਪਿਊਟਰ ਨੈਟ ਬੈਂਡ 2 ਦੇ ਵਿਦਿਆਰਥੀਆਂ ਦੇ ਸਕੂਲ ਚੋਣ ਦੀ ਪ੍ਰਕਿਰਿਆ ਲਈ ਉਸੇ ਪ੍ਰਕਿਰਿਆ ਦਾ ਪਾਲਣ ਕਰੇਗਾ ਅਤੇ ਅੰਤ ਵਿੱਚ ਉਸੇ ਨੈਟ ਬੈਂਡ 3 ਦੀ ਵੀ ।

<u>ਵੰਡ ਪ੍ਰਕਿਰਿਆ ਦਾ ਦ੍ਰਿਸ਼ਟ</u>

15. ਹੇਠਾਂ ਵੰਡ ਪ੍ਰਕਿਰਿਆ ਦਾ ਇੱਕ ਆਸਾਨ ਦ੍ਰਿਸ਼ਟਾਂਤ ਦਿੱਤਾ ਗਿਆ ਹੈ:

<u>ਵਿਦਿਆਰਥੀ</u>

•ਨਾਮ:	CHAN Si Ming	
•ਖੇਤਰੀ ਬੈਂਡ:	ਬੈਂਡ 1	
•ਸਕੂਲ ਨੈਟ:	HK3	
•ਨੈਟ ਬੈਂਡ:	ਬੈਂਡ 1	
•ਸਕੂਲ ਦੀ ਚੋਣ:		
ਭਾਗ A (ਵੱਧ ਤੋਂ ਵੱਧ: 3 ਸਕੂਲ)	ਪਹਿਲੀ ਚੋਣ:	ਸਕੂਲ A
	ਦੂਜੀ ਚੋਣ:	ਸਕੂਲ B
	ਤੀਜੀ ਚੋਣ:	ਸਕੂਲ C
ਭਾਗ B (ਵੱਧ ਤੋਂ ਵੱਧ: 30 ਸਕੂਲ)	ਪਹਿਲੀ ਚੋਣ:	ਸਕੂਲ B
	ਦੂਜੀ ਚੋਣ:	ਸਕੂਲ D
	T ਤੀਜੀ ਚੋਣ:	ਸਕੂਲ E
	⋮	⋮

<u>ਭਾਗ A: "ਅਸੀਮਿਤ ਸਕੂਲ ਚੋਣ"</u>

•ਖੇਤਰੀ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ:	25 000
•ਖੇਤਰੀ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ ਜਿਨ੍ਹਾਂ ਨੇ ਸਕੂਲ A ਨੂੰ ਪਹਿਲੀ ਚੋਣ ਵਿਚ ਚੁਣਿਆ ਹੈ:	350
•ਸਕੂਲ A ਵਿੱਚ ਅਸੀਮਿਤ ਸਕੂਲ ਚੋਣ ਲਈ ਸਕੂਲ ਦੇ ਸਥਾਨਾਂ ਦੀ ਗਿਣਤੀ:	15

16. ਇਹ ਮੰਨਦੇ ਹੋਏ ਕਿ CA ਦੇ ਪੜਾਅ 'ਤੇ 350 ਖੇਤਰੀ ਬੈਂਡ 1 ਵਿਦਿਆਰਥੀ ਭਾਗ A ਵਿੱਚ ਸਕੂਲ A ਦੀ ਚੋਣ ਆਪਣੀ ਪਹਿਲੀ ਪਸੰਦ ਦੇ ਤੌਰ 'ਤੇ ਕਰਦੇ ਹਨ। ਕਿਉਂਕਿ ਸਕੂਲ A ਅਸੀਮਿਤ ਵੰਡ ਲਈ ਕੇਵਲ 15 ਸਕੂਲ ਦੇ ਸਥਾਨਾਂ ਦੀ ਪੇਸ਼ਕਸ਼ ਕਰ ਸਕਦਾ ਹੈ, ਕੰਪਿਊਟਰ ਪਹਿਲੇ 15 ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੇਤਰਤੀਬ ਨੰਬਰਾਂ ਦੇ ਅਨੁਸਾਰ ਸਥਾਨ ਵੰਡ ਕੇ ਸਕੂਲ A ਵਿੱਚ ਸਥਾਨਾਂ ਨੂੰ ਭਰੇਗਾ। ਜੇਕਰ CHAN Si Ming ਦਾ ਬੇਤਰਤੀਬ ਨੰਬਰ ਪਹਿਲੇ 15 ਵਿਦਿਆਰਥੀਆਂ ਵਿੱਚ ਹੈ, ਤਾਂ ਉਸ ਨੂੰ ਸਕੂਲ A ਅਲਾਟ ਕੀਤਾ ਜਾਵੇਗਾ। ਨਹੀਂ ਤਾਂ, ਉਹ ਆਪਣੀ ਪਹਿਲੀ ਪਸੰਦ ਦੇ ਸਕੂਲ ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਵੇਗਾ। CHAN Si Ming ਦੀ ਦੂਜੀ ਚੋਣ ਅਤੇ ਖੇਤਰੀ ਬੈਂਡ 1 ਦੇ ਹੋਰ ਅਣਵੰਡੇ ਵਿਦਿਆਰਥੀਆਂ ਦੀ ਪ੍ਰਕਿਰਿਆ ਹੋਣ ਤੋਂ ਪਹਿਲਾਂ ਕੰਪਿਊਟਰ ਖੇਤਰੀ ਬੈਂਡ 1 ਦੇ ਸਾਰੇ ਵਿਦਿਆਰਥੀਆਂ ਦੀ ਪਹਿਲੀ ਚੋਣ 'ਤੇ ਪ੍ਰਕਿਰਿਆ ਕਰੇਗਾ।

17. ਮੰਨ ਲਓ 15000 ਖੇਤਰੀ ਬੈਂਡ 1 ਵਿਦਿਆਰਥੀਆਂ ਨੂੰ ਆਪਣੀ ਪਹਿਲੀ ਪਸੰਦ ਦੇ ਸਕੂਲ ਦੇ ਸਥਾਨਾਂ ਦੀ ਵੰਡ ਨਹੀਂ ਕੀਤੀ ਜਾਂਦੀ। ਉਨ੍ਹਾਂ ਵਿੱਚੋਂ, 300 (CHAN Si Ming ਸਮੇਤ) ਸਕੂਲ B ਨੂੰ ਆਪਣੀ ਦੂਜੀ ਚੋਣ ਦੇ ਤੌਰ 'ਤੇ ਚੁਣਦੇ ਹਨ। ਜੇ ਸਕੂਲ B ਵਿੱਚ ਪਹਿਲੇ ਰਾਊਂਡ ਦੀ ਵੰਡ ਤੋਂ ਬਾਅਦ ਸਿਰਫ ਦੋ ਸਥਾਨ ਰਹਿ ਗਏ ਹਨ, ਤਾਂ ਕੰਪਿਊਟਰ ਇਨ੍ਹਾਂ ਸਥਾਨਾਂ ਨੂੰ ਉਨ੍ਹਾਂ ਦੋਵਾਂ ਵਿਦਿਆਰਥੀਆਂ ਨੂੰ ਨਿਰਧਾਰਤ ਕਰੇਗਾ ਜਿਨ੍ਹਾਂ ਦਾ ਬੇਤਰਤੀਬ ਨੰਬਰ ਸਭ ਤੋਂ ਛੋਟਾ ਹੈ। ਜੇ CHAN Si Ming ਦਾ ਬੇਤਰਤੀਬ ਨੰਬਰ ਇਨ੍ਹਾਂ ਦੋ ਵਿਦਿਆਰਥੀਆਂ ਵਿੱਚੋਂ ਨਹੀਂ ਹੈ, ਤਾਂ ਉਸ ਨੂੰ ਸਕੂਲ B ਵਿੱਚ ਵੰਡ ਨਹੀਂ ਕੀਤੀ ਜਾਵੇਗੀ। ਖੇਤਰੀ ਬੈਂਡ 1 ਦੇ ਸਾਰੇ ਦੂਜੇ ਚੋਣ ਦੀ ਪ੍ਰਕਿਰਿਆ ਹੋਣ ਤੋਂ ਬਾਅਦ ਕੰਪਿਊਟਰ ਅਣਵੰਡੇ ਵਿਦਿਆਰਥੀਆਂ ਦੀ ਤੀਜੀ ਚੋਣ ਦੀ ਪ੍ਰਕਿਰਿਆ ਲਈ ਉਪਰ ਦੱਸੇ ਗਏ ਪ੍ਰਕਿਰਿਆ ਦਾ ਪਾਲਣਾ ਕਰਨਾ ਜਾਰੀ ਰੱਖੇਗਾ। ਜੇ CHAN Si Ming ਦੀ ਤੀਜੀ ਚੋਣ ਦੇ ਸਕੂਲ ਦੇ ਸਾਰੇ ਸਥਾਨ ਤੀਜੇ ਰਾਊਂਡ ਦੀ ਵੰਡ ਤੋਂ ਪਹਿਲਾਂ ਹੀ ਭਰੇ ਜਾ ਚੁੱਕੇ ਹਨ, ਤਾਂ CHAN Si Ming ਨੂੰ ਭਾਗ A ਦੇ ਅਧੀਨ ਸਥਾਨ ਨਿਰਧਾਰਿਤ ਨਹੀਂ ਕੀਤਾ ਜਾਵੇਗਾ ਅਤੇ ਉਸ ਨੂੰ ਭਾਗ B ਵਿੱਚ ਸਕੂਲ ਦਾ ਸਥਾਨ ਨਿਰਧਾਰਿਤ ਕੀਤਾ ਜਾਵੇਗਾ ਜਿੱਥੇ ਉਸ ਦੀ "ਸੀਮਿਤ ਸਕੂਲ ਚੋਣ" ਦੀ ਪ੍ਰਕਿਰਿਆ ਕੀਤੀ ਜਾਵੇਗੀ।

<u>ਭਾਗ B: "ਸੀਮਿਤ ਸਕੂਲ ਚੋਣ"</u>

•ਵਿਦਿਆਰਥੀ ਦਾ ਸਕੂਲ ਨੈੱਟ:	HK3
•HK3 ਵਿੱਚ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ:	1 000
•HK3 ਵਿੱਚ ਪਹਿਲੀ ਪਸੰਦ ਦੇ ਤੌਰ 'ਤੇ ਸਕੂਲ B ਦੀ ਚੋਣ ਕਰਨ ਵਾਲੇ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ:	150
•HK3 ਲਈ ਸਕੂਲ B ਵਿੱਚ ਉਪਲੱਬਧ ਸਥਾਨਾਂ ਦੀ ਗਿਣਤੀ:	100

18. ਭਾਗ A ਵਿੱਚ ਸਾਰੇ ਵਿਦਿਆਰਥੀਆਂ ਦੇ "ਅਸੀਮਿਤ ਸਕੂਲ ਚੋਣਾਂ" ਦੀ ਜਾਂਚ ਤੋਂ ਬਾਅਦ, ਕੰਪਿਊਟਰ ਭਾਗ B ਵਿੱਚ "ਸੀਮਿਤ ਸਕੂਲ ਦੀਆਂ ਚੋਣਾਂ" 'ਤੇ ਪ੍ਰਕਿਰਿਆ ਕਰਨਾ ਸ਼ੁਰੂ ਕਰ ਦੇਵੇਗਾ। ਮੰਨ ਲਓ ਕਿ ਜਿਨ੍ਹਾਂ ਬੱਚਿਆਂ ਨੂੰ ਭਾਗ A ਵਿੱਚ ਸਥਾਨਾਂ ਦੀ ਵੰਡ ਨਹੀਂ ਕੀਤੀ ਗਈ ਹੈ, ਉੱਥੇ ਸਕੂਲ ਨੈੱਟ HK3 ਦੀ ਚੋਣ ਕਰਨ ਵਾਲੇ 150 ਨੈੱਟ ਬੈਂਡ 1 ਵਿਦਿਆਰਥੀ (CHAN Si Ming ਸਮੇਤ) ਪਹਿਲੇ ਸਥਾਨ ਦੇ ਤੌਰ 'ਤੇ ਸਕੂਲ B ਦੀ ਚੋਣ ਕਰਦੇ ਹਨ। ਜੇਕਰ ਸਕੂਲ B ਸਕੂਲ ਨੈੱਟ ਵਿੱਚ ਵਿਦਿਆਰਥੀਆਂ ਲਈ ਕੇਵਲ 100 ਸਕੂਲ ਸਥਾਨਾਂ ਦੀ ਪੇਸ਼ਕਸ਼ ਕਰਦਾ ਹੈ, ਤਾਂ ਕੰਪਿਊਟਰ ਵਿਦਿਆਰਥੀਆਂ ਨੂੰ ਬੇਤਰਤੀਬ ਨੰਬਰ ਦੇ ਕ੍ਰਮ ਅਨੁਸਾਰ ਸਕੂਲ B ਵਿੱਚ 100 ਵਿਦਿਆਰਥੀਆਂ ਦੀ ਵੰਡ ਨੂੰ ਨਿਰਧਾਰਿਤ ਕਰੇਗਾ। ਜੇਕਰ CHAN Si Ming ਦਾ ਬੇਤਰਤੀਬ ਨੰਬਰ ਪਹਿਲੇ 100 ਵਿਦਿਆਰਥੀਆਂ ਵਿੱਚੋਂ ਇੱਕ ਹੈ, ਤਾਂ ਉਸਨੂੰ ਸਕੂਲ B ਵਿੱਚ ਸਥਾਨ ਦਿੱਤਾ ਜਾਵੇਗਾ। ਨਹੀਂ ਤਾਂ, ਉਹ ਆਪਣੀ ਪਹਿਲੀ ਪਸੰਦ ਦੇ ਸਕੂਲ ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਵੇਗਾ। ਜੇਕਰ CHAN Si Ming ਨੂੰ ਆਪਣੀ ਪਹਿਲੀ ਚੋਣ ਲਈ ਨਿਰਧਾਰਿਤ ਨਹੀਂ ਕੀਤਾ ਜਾਂਦਾ ਹੈ, ਉਸ ਦੀ ਦੂਜੀ ਚੋਣ, ਉਸੇ ਨੈੱਟ ਬੈਂਡ ਵਿੱਚ ਅਣਵੰਡੇ ਵਿਦਿਆਰਥੀਆਂ ਨਾਲ ਮਿਲਾ ਕੇ, ਸਾਰੇ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਪਹਿਲੀ ਚੋਣ ਤੋਂ ਬਾਅਦ ਪ੍ਰਕਿਰਿਆ ਕੀਤੀ ਜਾਏਗੀ। ਮੰਨ ਲਓ 400 ਨੈੱਟ ਬੈਂਡ 1 ਵਿਦਿਆਰਥੀਆਂ ਨੂੰ ਪਹਿਲੀ ਪਸੰਦ ਦੇ ਸਥਾਨਾਂ ਦੀ ਵੰਡ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਵਿੱਚੋਂ 30 (CHAN Si Ming ਸਮੇਤ) ਸਕੂਲ D ਨੂੰ ਆਪਣੀ ਦੂਜੀ ਚੋਣ ਦੇ ਤੌਰ 'ਤੇ ਚੁਣਦੇ ਹਨ। ਇਹ ਮੰਨ ਲਓ ਕਿ ਸਕੂਲ D ਦੇ ਪਹਿਲੇ ਗੇੜ ਦੀ ਵੰਡ ਤੋਂ ਬਾਅਦ ਸਿਰਫ 10 ਸਥਾਨ ਬਾਕੀ ਹਨ, ਕੰਪਿਊਟਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੇਤਰਤੀਬ ਨੰਬਰ ਦੇ ਆਧਾਰ 'ਤੇ ਸਥਾਨ ਨਿਰਧਾਰਿਤ ਕਰੇਗਾ। ਜੇ CHAN Si Ming ਸਕੂਲ D ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੈ ਕਿਉਂਕਿ ਉਹ 10 ਵਿਦਿਆਰਥੀਆਂ ਵਿੱਚੋਂ ਉਸ ਕੋਲ ਸਭ ਤੋਂ ਛੋਟਾ ਬੇਤਰਤੀਬ ਨੰਬਰ ਨਹੀਂ ਹੈ, ਤਾਂ ਕੰਪਿਊਟਰ ਉਸੇ ਨੈੱਟ ਬੈਂਡ ਵਿੱਚ CHAN Si Ming ਅਤੇ ਹੋਰ ਅਣਵੰਡੇ ਵਿਦਿਆਰਥੀ ਦੀ ਤੀਜੀ ਚੋਣ 'ਤੇ ਉੱਪਰ ਦੱਸੇ ਅਨੁਸਾਰ ਪ੍ਰਕਿਰਿਆ ਦੀ ਪਾਲਣਾ ਕਰੇਗਾ, ਅਤੇ ਇਸੇ ਤਰ੍ਹਾਂ ਜਾਰੀ ਰੱਖੇਗਾ ਜਦੋਂ ਤੱਕ ਉਨ੍ਹਾਂ ਨੂੰ ਸਕੂਲ ਦੇ ਸਥਾਨਾਂ ਦੀ ਵੰਡ ਨਹੀਂ ਹੁੰਦੀ।

19. ਮੰਨ ਲਓ CHAN Si Ming ਦਾ ਸਹਿਪਾਠੀ LEE Siu Man ਵੀ ਖੇਤਰੀ ਬੈਂਡ 1 ਅਤੇ ਨੈੱਟ ਬੈਂਡ 1 ਵਿੱਚ ਹੈ ਅਤੇ ਉਸ ਨੇ CHAN Si Ming ਦੀ ਤਰ੍ਹਾਂ ਇੱਕੋ ਜਿਹੇ ਸਕੂਲਾਂ ਦੀ ਚੋਣ ਕੀਤੀ ਹੈ। ਇੱਕੋ ਖੇਤਰੀ ਜਾਂ ਨੈੱਟ ਬੈਂਡ ਦੇ ਅੰਦਰ ਵੰਡ ਦਾ ਕ੍ਰਮ ਵਿਦਿਆਰਥੀਆਂ ਦੇ ਬੇਤਰਤੀਬ ਨੰਬਰ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ, ਇਸ ਲਈ CHAN Si Ming ਨੂੰ LEE Siu Man ਨਾਲੋਂ ਘੱਟ ਤਰਜੀਹ ਵਾਲੇ ਸਕੂਲ ਲਈ ਨਿਰਧਾਰਿਤ ਕੀਤਾ ਜਾ ਸਕਦਾ ਹੈ। ਭਾਵੇਂ ਹੀ CHAN ਦੇ LEE ਨਾਲੋਂ ਵਧੀਆ IA ਅੰਦਰੂਨੀ ਮੁਲਾਂਕਣ ਨਤੀਜੇ ਹੋਣ। ਇਹ ਸੈਕੰਡਰੀ ਸਕੂਲਾਂ ਵਿੱਚ ਰਲਵੀਂ ਯੋਗਤਾ ਦੀ ਸਿੱਖਿਆ ਦੇ ਅਨੁਸਾਰ ਹੈ।

<u>ਫੀਡਰ ਅਤੇ</u> ਨਾਮਜ਼ਦ <u>ਸਕੂਲ</u>

20. ਇੱਕ ਫੀਡਰ ਸੈਕੰਡਰੀ ਸਕੂਲ ਨੂੰ, ਦੁਹਰਾਏ ਗਏ ਅਤੇ DP ਦੀ ਕਟੌਤੀ ਤੋਂ ਬਾਅਦ, ਇਸ ਦੇ ਫੀਡਰ ਪ੍ਰਾਇਮਰੀ ਸਕੂਲਾਂ ਲਈ ਬਾਕੀ ਬਚੇ ਸਥਾਨਾਂ ਵਿੱਚੋਂ 85% ਨੂੰ ਰਾਖਵਾਂ ਕਰਨਾ ਹੁੰਦਾ ਹੈ। ਇੱਕ ਨਾਮਜ਼ਦ ਸੈਕੰਡਰੀ ਸਕੂਲ ਨੂੰ, ਦੁਹਰਾਏ ਗਏ ਅਤੇ DP ਦੀ ਕਟੌਤੀ ਤੋਂ ਬਾਅਦ, ਇਸ ਦੇ ਨਾਮਜ਼ਦ ਪ੍ਰਾਇਮਰੀ ਸਕੂਲਾਂ ਲਈ ਬਾਕੀ ਬਚੇ ਸਥਾਨਾਂ ਵਿੱਚੋਂ 25% ਨੂੰ ਰਾਖਵਾਂ ਕਰਨਾ ਹੁੰਦਾ ਹੈ। ਇੱਕ ਫੀਡਰ/ ਨਾਮਜ਼ਦ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਿਹਾ ਵਿਦਿਆਰਥੀ ਇੱਕ ਰਾਖਵੇਂ ਸਥਾਨ ਲਈ ਯੋਗ ਹੈ ਜੇਕਰ ਉਹ ਨੈਟ ਬੈਂਡ 1 ਜਾਂ 2 ਵਿੱਚ ਹੈ ਅਤੇ ਉਸ ਨੇ ਭਾਗ B ਦੀ ਸੀਮਿਤ ਸਕੂਲ ਚੋਣ ਵਿੱਚ ਆਪਣੀ ਪਹਿਲੀ ਪਸੰਦ ਦੇ ਤੌਰ 'ਤੇ ਫੀਡਰ/ ਨਾਮਜ਼ਦ ਸੈਕੰਡਰੀ ਸਕੂਲ ਦੀ ਚੋਣ ਕੀਤੀ ਹੈ। ਜੇ ਯੋਗ ਵਿਦਿਆਰਥੀਆਂ ਦੀ ਗਿਣਤੀ ਫੀਡਰ/ਨਾਮਜ਼ਦ ਸਥਾਨਾਂ ਦੀ ਥਾਂ ਤੋਂ ਵੱਧ ਹੈ, ਸਕੂਲ ਦੇ ਸਥਾਨਾਂ ਦੀ ਵੰਡ ਵਿਦਿਆਰਥੀਆਂ ਦੇ ਨੈੱਟ ਬੈਂਡ ਅਤੇ ਉਨ੍ਹਾਂ ਦੇ ਬੇਤਰਤੀਬ ਨੰਬਰਾਂ 'ਤੇ ਆਧਾਰਿਤ ਹੋਵੇਗੀ। ਜੇ ਕੋਈ ਵਿਦਿਆਰਥੀ ਜੋ ਇੱਕ ਫੀਡਰ/ਨਾਮਜ਼ਦ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਹੈ ਜਿਸ ਨੂੰ ਕਰਾਸ-ਨੈੱਟ ਵੰਡ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ, ਉਹ ਫ਼ੀਡਰ/ਨਾਮਜ਼ਦ ਸੈਕੰਡਰੀ ਸਕੂਲਾਂ ਦੇ ਰਾਖਵੇਂ ਸਥਾਨ ਲਈ ਯੋਗ ਨਹੀਂ ਹੋਵੇਗਾ।

<u>"ਥਰੂ-ਟ੍ਰੇਨ" ਸਕੂਲ</u>

21. P6 ਵਿਦਿਆਰਥੀ "ਥਰੂ-ਟ੍ਰੇਨ" ਸਕੂਲਾਂ ਵਿਚ ਪੜ੍ਹ ਰਹੇ ਆਪਣੇ ਲਿੰਕਡ ਸੈਕੰਡਰੀ ਸਕੂਲ ਸਿੱਧੇ ਜਾਣ ਦੀ ਚੋਣ ਕਰ ਸਕਦੇ ਹਨ। ਜੇ ਵਿਦਿਆਰਥੀ ਸਿੱਧੇ ਸਬਸਿਡੀ ਸਕੀਮ ਦੇ S1 ਸਥਾਨਾਂ ਲਈ ਅਰਜ਼ੀ ਦਿੰਦੇ ਹਨ ਸੈਕੰਡਰੀ ਸਕੂਲ SSPA ਸਿਸਟਮ (NDSS ਸੈਕੰਡਰੀ ਸਕੂਲ) ਜਾਂ ਹਿੱਸਾ ਲੈਣ ਵਾਲੇ ਸਕੂਲਾਂ ਦੇ DP <u>ਵਿਚ ਹਿੱਸਾ ਨਹੀਂ ਲੈਂਦੇ,</u> ਜਾਂ CA ਵਿਚ ਹਿੱਸਾ ਲੈਂਦੇ, ਉਨ੍ਹਾਂ ਨੂੰ ਆਪਣੇ ਨਾਲ ਜੁੜੇ ਸੈਕੰਡਰੀ ਸਕੂਲ ਵਿਚ ਸਿੱਧੇ ਜਾਣ ਦਾ ਅਧਿਕਾਰ ਬਰਕਰਾਰ ਰੱਖਣ ਦੀ ਆਗਿਆ ਨਹੀਂ ਦਿੱਤੀ ਜਾਏਗੀ। "ਥਰੋਉੱ-ਟ੍ਰੇਨ" ਸੈਕੰਡਰੀ ਸਕੂਲ, ਸਿਧਾਂਤਕ ਤੌਰ 'ਤੇ, DP ਜਾਂ CA ਦੁਆਰਾ ਦੂਜੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਾਖਲ ਕਰਨ ਲਈ ਉਨ੍ਹਾਂ ਦੀਆਂ ਕੁੱਲ S1 ਥਾਵਾਂ ਤੋਂ 15% ਤੋਂ ਘੱਟ ਰਾਖਵੇਂ ਨਹੀਂ ਹਨ।

ਕੇਂਦਰੀ ਵੰਡ ਚੋਣ ਕਰਨ ਲਈ ਦਸਤਾਵੇਜ਼ ਅਤੇ ਸੈਕੰਡਰੀ ਇੱਕ ਸਕੂਲ ਦੀ ਚੋਣ ਦਾ ਫਾਰਮ ਜਮ੍ਹਾਂ ਕਰਨਾ

22. SSPA ਪ੍ਰਣਾਲੀ ਵਿੱਚ ਭਾਗ ਲੈਣ ਵਾਲੇ P6 ਵਿਦਿਆਰਥੀਆਂ ਦੇ ਮਾਪਿਆਂ ਨੂੰ ਇਨ੍ਹਾਂ ਵਿੱਚੋਂ ਹਰ ਇੱਕ ਡੋਕੂਮੈਂਟਸ ਦੀ ਇੱਕ ਕਾਪੀ ਵੰਡੀ ਜਾਵੇਗੀ:

- ਸਕੂਲਾਂ ਦੀ ਤਰਜੀਹ ਦੇ ਕ੍ਰਮ ਦਾ ਸੰਕੇਤ ਦੇਣ ਲਈ ਸਕੂਲ ਫਾਰਮ ਦੀ ਸੈਕੰਡਰੀ ਵਨ ਚੋਣ (ਚੋਣ ਫਾਰਮ)
- ਚੋਣ ਫਾਰਮ ਦੇ ਭਾਗ B ਵਿੱਚ "ਸੀਮਿਤ ਸਕੂਲ ਚੋਣ" ਨੂੰ ਭਰਨ ਵੇਲੇ ਹਵਾਲੇ ਲਈ ਵਿਦਿਆਰਥੀ ਦੇ ਸਕੂਲ ਨੈੱਟ ਦੀ ਸੈਕੰਡਰੀ ਸਕੂਲ ਸੂਚੀ (ਸਕੂਲ ਸੂਚੀ)।

23. SSPA ਪ੍ਰਣਾਲੀ ਵਿੱਚ ਭਾਗ ਲੈਣ ਵਾਲੇ ਹਰੇਕ ਪ੍ਰਾਇਮਰੀ ਸਕੂਲ ਨੂੰ ਅਸੀਮਿਤ ਸਕੂਲ ਚੋਣ (ਹੈਂਡਬੁੱਕ) ਲਈ ਹੈਂਡਬੁੱਕ ਦੀਆਂ ਕਈ ਕਾਪੀਆਂ ਪ੍ਰਾਪਤ ਹੋਣਗੀਆਂ। ਚੋਣ ਫਾਰਮ ਦੇ ਭਾਗ A ਵਿੱਚ ਅਸੀਮਿਤ ਸਕੂਲ ਦੀਆਂ ਚੋਣਾਂ ਨੂੰ ਭਰਨ ਵੇਲੇ ਮਾਪਿਆਂ ਨੂੰ ਹੈਂਡਬੁਕ ਦਾ ਇਸਤੇਮਾਲ ਕਰਨਾ ਚਾਹੀਦਾ ਹੈ। SSPA ਈ-ਪਲੇਟਫਾਰਮ ਉਪਭੋਗਤਾਵਾਂ ਵਜੋਂ ਰਜਿਸਟਰਡ ਮਾਪਿਆਂ ਲਈ, ਉਹ SSPA ਈ-ਪਲੇਟਫਾਰਮ 'ਤੇ ਹੈਂਡਬੁੱਕ ਅਤੇ ਸਕੂਲ

ਸੂਚੀਆਂ ਦੇ ਔਨਲਾਈਨ ਸੰਸਕਰਣ ਨੂੰ ਵੀ ਬ੍ਰਾਊਜ਼ ਕਰ ਸਕਦੇ ਹਨ। ਇਸ ਤੋਂ ਇਲਾਵਾ ਮਾਪੇ EDB ਹੋਮਪੇਜ (https://www.edb.gov.hk) 'ਤੇ ਵੀ ਜਾ ਸਕਦੇ ਹਨ ਅਤੇ ਹੈਂਡਬੁੱਕ ਅਤੇ ਸਕੂਲ ਸੂਚੀਆਂ[3] ਦੇ ਔਨਲਾਈਨ ਸੰਸਕਰਣ ਲਈ ਹੇਠਾਂ ਦਿੱਤੇ ਮਾਰਗ ਦੀ ਪਾਲਣਾ ਕਰ ਸਕਦੇ ਹਨ:

Education System and Policy > Primary and Secondary Education > School Places Allocation Systems > Secondary School Places Allocation (SSPA) System

24. ਪੇਪਰ ਚੋਣ ਫਾਰਮ ਦੀਆਂ 3 ਕਾਪੀਆਂ ਹਨ, EDB ਕਾਪੀ, ਸਕੂਲ ਦੀ ਕਾਪੀ ਅਤੇ ਮਾਤਾ-ਪਿਤਾ ਦੀ ਕਾਪੀ। ਮਾਪਿਆਂ ਨੂੰ ਕਾਲੇ ਬਾਲ ਪੈਨ ਨਾਲ ਫਾਰਮ ਭਰਨਾ ਚਾਹੀਦਾ ਹੈ। ਮਾਤਾ-ਪਿਤਾ ਨੂੰ ਮਈ 2024 ਦੇ ਸ਼ੁਰੂ ਤੱਕ ਆਪਣੇ ਬੱਚਿਆਂ ਦੇ ਹਾਜ਼ਰੀ ਵਾਲੇ ਪ੍ਰਾਇਮਰੀ ਸਕੂਲ ਦੁਆਰਾ EDB ਨੂੰ ਭਰੇ ਹੋਏ ਵਿਕਲਪ ਫਾਰਮ ਨੂੰ ਵਾਪਸ ਕਰਨਾ ਚਾਹੀਦਾ ਹੈ। ਮਾਪਿਆਂ ਲਈ SSPA ਈ-ਪਲੇਟਫਾਰਮ ਉਪਭੋਗਤਾਵਾਂ ਵਜੋਂ ਰਜਿਸਟਰ ਕੀਤਾ **ਗਿਆ ਹੈ ਅਤੇ ਉਹਨਾਂ ਦੇ ਖਾਤੇ ਨੂੰ "iAM Smart+" ਨਾਲ ਜੋੜਿਆ ਗਿਆ ਹੈ**, ਪੇਪਰ ਚੋਣ ਫਾਰਮ ਤੋਂ ਇਲਾਵਾ, ਉਹ SSPA ਈ-ਪਲੇਟਫਾਰਮ ਰਾਹੀਂ ਵੀ 9 ਅਪ੍ਰੈਲ 2024 ਤੋਂ 6 ਮਈ 2024 ਤੱਕ ਚੋਣ ਫਾਰਮ ਜਮ੍ਹਾਂ ਕਰ ਸਕਦੇ ਹਨ।

25. ਮਾਪਿਆਂ ਨੂੰ ਉਸੇ ਬੱਚੇ ਲਈ SSPA ਈ-ਪਲੇਟਫਾਰਮ ਦੁਆਰਾ ਅਤੇ ਕਾਗਜ਼ੀ ਰੂਪ ਵਿੱਚ ਡੁਪਲੀਕੇਟ ਅਰਜ਼ੀਆਂ ਜਮ੍ਹਾਂ ਨਹੀਂ ਕਰਵਾਉਣੀਆਂ ਚਾਹੀਦੀਆਂ ਹਨ।

26. ਭਾਵੇਂ ਚੋਣ ਫਾਰਮ SSPA ਈ-ਪਲੇਟਫਾਰਮ ਰਾਹੀਂ ਜਮ੍ਹਾਂ ਕੀਤੇ ਗਏ ਹਨ ਜਾਂ ਕਾਗਜ਼ੀ ਰੂਪ ਵਿੱਚ, ਚੋਣ ਫਾਰਮ ਭਰਨ ਤੋਂ ਪਹਿਲਾਂ, ਮਾਤਾ-ਪਿਤਾ ਨੂੰ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਫਾਰਮ ਵਿੱਚ ਪਹਿਲਾਂ ਤੋਂ ਦਿੱਤੀ ਜਾਣਕਾਰੀ ਉਨ੍ਹਾਂ ਦੇ ਬੱਚੇ ਨਾਲ ਮਿਲਦੀ ਹੈ:

ਵਿਦਿਆਰਥੀ ਰੈਫਰੈਂਸ ਨੰਬਰ:	ਵਿਦਿਆਰਥੀ ਰੈਫਰੈਂਸ ਨੰਬਰ ਪਹਿਲਾਂ ਜਾਰੀ ਹੋਏ "ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ" 'ਤੇ ਪ੍ਰਿੰਟ ਦੇ ਨਾਲ ਦਾ ਹੋਣਾ ਚਾਹੀਦਾ ਹੈ।
ਵਿਦਿਆਰਥੀ ਦਾ ਨਾਮ:	ਜੇਕਰ ਸਹੀ ਹੈ, ਤਾਂ ਕ੍ਰਿਪਾ ਕਰਕੇ ਪਹਿਲਾਂ ਤੋਂ ਹੀ ਪ੍ਰਿੰਟ ਕੀਤੇ ਅੰਗਰੇਜ਼ੀ ਨਾਮ (ਕੇਵਲ ਕਾਗਜ਼ ਚੋਣ ਫਾਰਮਾਂ ਤੇ ਲਾਗੂ) ਦੇ ਉੱਪਰ ਵਿਦਿਆਰਥੀ ਦਾ ਚੀਨੀ ਨਾਮ (ਜੇਕਰ ਕੋਈ ਹੈ) ਲਿਖੋ। ਵਿਦਿਆਰਥੀ ਦਾ ਚੀਨੀ ਨਾਮ (ਜੇਕਰ ਕੋਈ ਹੈ) SSPA ਈ ਪਲੇਟਫਾਰਮ ਵਿੱਚ ਦਿਖਾਇਆ ਜਾਵੇਗਾ।
ਲਿੰਗ:	"M" ਦਾ ਭਾਵ ਮੁੰਡਾ ਹੈ, "F" ਦਾ ਅਰਥ ਹੈ ਕੁੜੀ।
ਵਿਦਿਆਰਥੀ ਦਾ ਸਕੂਲ ਨੈੱਟ:	ਸਕੂਲ ਸੂਚੀ ਦੇ ਉੱਪਰ ਖੱਬੇ ਕੋਨੇ 'ਤੇ ਛਾਪੇ ਗਏ ਕੋਡ ਨਾਲ ਦਾ ਹੀ ਹੋਣਾ ਚਾਹੀਦਾ ਹੈ; ਉਦਾ. ਕੇਂਦਰੀ ਅਤੇ ਪੱਛਮੀ ਜ਼ਿਲ੍ਹੇ ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀ ਲਈ (ਜਿਵੇਂ ਕਿ ਸਕੂਲ ਨੈੱਟ HK1), ਸਕੂਲ ਸੂਚੀ HK1 ਲਈ ਹੋਣੀ ਚਾਹੀਦੀ ਹੈ।

ਜੇ ਫਾਰਮ ਵਿਚਲੀ ਜਾਣਕਾਰੀ ਅਤੇ ਉਹਨਾਂ ਦੇ ਬੱਚੇ ਦੀ ਜਾਣਕਾਰੀ ਵਿੱਚ ਕੋਈ ਅਸਮਾਨਤਾਵਾਂ ਹਨ, ਤਾਂ ਮਾਤਾ-ਪਿਤਾ ਨੂੰ ਤੁਰੰਤ ਆਪਣੇ ਬੱਚੇ ਦੇ ਮੌਜੂਦਾ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

27. ਇੱਕ ਵਾਰ ਵੰਡ ਪੂਰੀ ਹੋ ਜਾਣ 'ਤੇ, ਦੁਬਾਰਾ ਮੁੜ-ਵੰਡ ਨਹੀਂ ਕੀਤੀ ਜਾਵੇਗੀ। ਇਸ ਲਈ ਮਾਪਿਆਂ ਨੂੰ ਸਕੂਲ ਦੀ ਚੋਣ ਕਰਨ ਤੋਂ ਪਹਿਲਾਂ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ, ਹੈਂਡਬੁੱਕ ਅਤੇ ਸਕੂਲ ਸੂਚੀ ਵਿੱਚ ਸਕੂਲ ਦੀਆਂ ਟਿੱਪਣੀਆਂ, ਜੇਕਰ ਕੋਈ ਹੈ, ਵੱਲ ਧਿਆਨ ਦਿਓ। ਬੱਚੇ ਦੇ ਮੌਜੂਦਾ ਸਕੂਲ ਤੋਂ ਸਲਾਹ ਦੀ ਮੰਗ ਵੀ ਕੀਤੀ ਜਾ ਸਕਦੀ ਹੈ।

[3] ਔਨਲਾਈਨ ਸੰਸਕਰਣ ਵਿੱਚ ਹੈਂਡਬੁੱਕ ਅਤੇ ਸਕੂਲ ਸੂਚੀਆਂ ਦੋਵਾਂ ਦਾ ਨਵੀਨਤਮ ਸੰਸਕਰਣ ਸ਼ਾਮਲ ਹੁੰਦਾ ਹੈ

SSPA ਈ-ਪਲੇਟਫਾਰਮ ਰਾਹੀਂ ਚੋਣ ਫਾਰਮ ਭਰਨਾ (<u>ਉਹਨਾਂ ਮਾਪਿਆਂ ਲਈ ਜੋ ਆਪਣੇ ਖਾਤੇ ਨੂੰ "iAM Smart+" ਨਾਲ ਜੋੜਦੇ ਹਨ</u>)

28. SSPA ਈ-ਪਲੇਟਫਾਰਮ ਵਿੱਚ ਲॉਗਿੰਗ ਤੋਂ ਬਾਅਦ, ਕਿਰਪਾ ਕਰਕੇ ਚੋਣ ਫਾਰਮ ਲਈ ਪੰਨੇ ਤੇ ਦਰਜ ਕਰਨ ਲਈ, "ਐਪਲੀਕੇਸ਼ਨ ਫਾਰ ਸੈਂਟਰਲ ਐਲੋਕੇਸ਼ਨ (CA)" ਦੇ ਤਹਿਤ "ਹੁਣੇ ਅਪਲਾਈ ਕਰੋ" ਨੂੰ ਚੁਣੋ।

29. ਸੰਪਰਕ ਜਾਣਕਾਰੀ ਭਰਨ ਤੋਂ ਬਾਅਦ, ਮਾਪਿਆਂ ਨੂੰ ਆਪਣੇ ਬੱਚੇ ਦੀ ਸਥਿਤੀ ਦੇ ਅਨੁਸਾਰ "ਕੇਂਦਰੀ ਅਲਾਟਮੈਂਟ ਲਈ ਅਰਜ਼ੀ" ਲਈ ਪੰਨੇ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿਚੋਂ ਚੋਣ ਕਰਨੀ ਚਾਹੀਦੀ ਹੈ:

- ਉਹਨਾਂ ਵਿਧਿਆਰਥਿਆਂ ਲਈ ਜਿਨ੍ਹਾਂ ਨੂੰ CA ਰਾਹੀਂ S1 ਸਥਾਨਾਂ ਦੀ ਵੰਡ ਦੀ ਲੋੜ ਹੁੰਦੀ ਹੈ (ਅਰਥਾਤ ਜਿਨ੍ਹਾਂ ਵਿਦਿਆਰਥੀਆਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰ ਵਜੋਂ ਸੂਚਿਤ ਨਹੀਂ ਕੀਤਾ ਗਿਆ ਹੈ, ਅਤੇ Jockey Club Ti-I College ਜਾਂ NDSS ਸੈਕੇਂਡਰੀ ਸਕੂਲ ਦੁਆਰਾ ਦਾਖਲਾ ਨਹੀਂ ਦਿੱਤਾ ਗਿਆ ਹੈ), **ਭਾਗ A** ਅਤੇ **ਭਾਗ B** ਵਿੱਚ ਸਕੂਲੀ ਚੋਣਾਂ ਦੇ ਭਾਗਾਂ ਨੂੰ ਦਰਜ਼ ਕਰਨ ਲਈ ਕਿਰਪਾ ਕਰਕੇ "ਸਕੂਲ ਚੋਣਾਂ ਨੂੰ ਸਕੂਲ ਫਾਰਮ ਦੇ ਸੈਕੇਂਡਰੀ ਇੱਕ ਚੋਣ ਤੇ ਚੁਨੋ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਦੀ ਚੋਣ ਕਰੋ।



- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ ਸਕੂਲ ਦੀਆਂ ਚੋਣਾਂ **ਨਹੀਂ ਕਰਨੀਆਂ** ਪੈਂਦੀਆਂ (ਅਰਥਾਤ ਜਿਨ੍ਹਾਂ ਵਿਦਿਆਰਥੀਆਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ, ਜਾਂ Jockey Club Ti-I College ਜਾਂ NDSS ਸੈਕੇਂਡਰੀ ਸਕੂਲ ਦੁਆਰਾ ਦਾਖਲ ਕੀਤਾ ਗਿਆ ਹੈ), ਭਾਗ A ਅਤੇ ਭਾਗ B ਵਿੱਚ ਸਕੂਲ ਦੀ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ ਕਿਰਪਾ ਕਰਕੇ "ਸਕੂਲ ਫਾਰਮ ਤੇ ਸੈਕੇਂਡਰੀ ਇੱਕ ਚੋਣ ਤੇ ਸਕੂਲ ਚੋਣ ਕਰਨ ਦੀ ਲੋੜ ਨਹੀਂ ਹੈ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਨੂੰ ਚੁਣੋ ਅਤੇ ਚੋਣ ਫਾਰਮ ਦੇ ਪੁਸ਼ਟੀਕਰਨ ਅਤੇ ਜਮ੍ਹਾ ਕਰਨ ਦੇ ਨਾਲ-ਨਾਲ "iAM Smart+" ਨਾਲ ਡਿਜੀਟਲ ਤੌਰ ਤੇ ਦਸਤਖਤ ਕਰਨੇ ਹੁੰਦੇ ਹਨ।



- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ SSPA ਸਿਸਟਮ ਰਾਹੀਂ ਸਬਸਿਡੀ ਵਾਲੇ S1 ਸਥਾਨ ਨਿਰਧਾਰਤ ਕਰਨ ਦੀ ਲੋੜ **ਨਹੀਂ** ਹੈ (ਉਦਾਹਰਣ ਲਈ, ਉਹ ਵਿਦਿਆਰਥੀ ਜੋ ਮੇਨਲੈਂਡ ਚੀਨ ਵਿੱਚ ਪੜ੍ਹੇਗਾ), ਅਤੇ **SSPA ਪ੍ਰਣਾਲੀ ਵਿੱਚ ਹਿੱਸਾ ਲੈਣਾ ਛੱਡਣ ਦਾ ਫੈਸਲਾ ਕਰਦੇ ਹਨ**, ਭਾਗ A ਅਤੇ ਭਾਗ B ਵਿੱਚ ਸਕੂਲ ਦੀ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ ਕਿਰਪਾ ਕਰਕੇ "SSPA ਸਿਸਟਮ ਦੁਆਰਾ ਸਬਸਿਡੀ ਵਾਲਾ S1 ਸਥਾਨ ਨਿਰਧਾਰਤ ਕਰਨ ਦੀ ਲੋੜ ਨਹੀਂ ਹੈ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਨੂੰ ਚੁਣੋਅਤੇ ਚੋਣ ਫਾਰਮ ਦੀ ਪੁਸ਼ਟੀ ਕਰਕੇ ਅਤੇ ਜਮ੍ਹਾ ਕਰਦੇ ਹੋਏ "iAM Smart+" ਨਾਲ ਡਿਜੀਟਲ ਤੌਰ ਤੇ ਦਸਤਖਤ ਕਰਨੇ ਹੁੰਦੇ ਹਨ। ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਮਾਪੇ ਇਸ ਵਿਕਲਪ ਦੀ ਚੋਣ ਕਰਦੇ ਹਨ, ਤਾਂ ਵਿਦਿਆਰਥੀ SSPA ਸਿਸਟਮ ਵਿੱਚ ਭਾਗ ਲੈਣਾ ਛੱਡ ਦੇਵੇਗਾ ਅਤੇ ਵੰਡ ਨਤੀਜੇ ਦੀ ਘੋਸ਼ਣਾ ਦੇ ਦਿਨ ਅਲਾਟਮੈਂਟ ਨਤੀਜੇ ਪ੍ਰਾਪਤ ਨਹੀਂ ਕਰੇਗਾ।

Apply for Central Allocation

- ◯ Make school choices on the Secondary One Choice of Schools Form
- ◯ Do NOT need to make school choices on the Secondary One Choice of Schools Form as the child has been notified as successful Discretionary Places applicant or admitted by Direct Subsidy Scheme secondary schools not participating in the SSPA System (i.e. give up participating in Central Allocation)
- ◯ Do NOT need to be allocated a subsidised S1 place through the SSPA System (i.e. give up participating in the SSPA System)

30. ਉਹਨਾਂ ਮਾਪਿਆਂ ਲਈ ਜਿਨ੍ਹਾਂ ਨੇ "ਸਕੂਲਾਂ ਦੀ ਸੈਕੰਡਰੀ ਇੱਕ ਚੋਣ ਫਾਰਮ 'ਤੇ ਚੋਣਾਂ ਕਰੋ" ਦੀ ਚੋਣ ਕੀਤੀ ਹੈ, ਕਿਰਪਾ ਕਰਕੇ ਧਿਆਨ ਦਿਓ:

a. **"ਭਾਗ A – ਅਪ੍ਰਤੀਬੰਧਿਤ ਸਕੂਲ ਚੋਣਾਂ"** ਦੇ ਪੰਨੇ ਤੇ, ਮਾਪੇ ਆਪਣੀ ਤਰਜੀਹ ਦੇ ਕ੍ਰਮ ਅਨੁਸਾਰ ਕਿਸੇ ਵੀ ਸਕੂਲ ਨੈੱਟ (ਉਸ ਸਕੂਲ ਨੈੱਟ ਸਮੇਤ ਜਿਸ ਨਾਲ ਉਹਨਾਂ ਦਾ ਬੱਚਾ ਸੰਬੰਧਤ ਹੈ) ਤੋਂ ਇੱਕ ਤੋਂ ਤਿੰਨ ਸੈਕੇਂਡਰੀ ਸਕੂਲਾਂ ਦੀ ਚੋਣ ਕਰ ਸਕਦੇ ਹਨ। ਮਾਪੇ ਸਕੂਲ ਕੋਡ (ਕੋਡਾਂ) ਜਾਂ ਸਕੂਲ ਦੇ ਨਾਮ (ਨਾਮਾਂ) ਨੂੰ ਦਰਜ਼ ਕਰਕੇ ਸਕੂਲ (ਸਕੂਲਾਂ) ਦੀ ਖੋਜ /ਚੋਣ ਕਰ ਸਕਦੇ ਹਨ, ਜਾਂ ਪੇਜ ਦੇ ਸੱਜੇ ਪਾਸੇ ਤੋਂ "ਭਾਗ A ਲਈ ਖੇਤਰ-ਵਿਆਪਕ ਸਕੂਲ ਸੂਚੀ –ਅਪ੍ਰਬੰਧਿਤ ਸਕੂਲ ਚੋਣਾਂ" ਤੋਂ ਫਿਲਟਰ ਅਤੇ ਸਕੂਲ (ਸਕੂਲਾਂ) ਨੂੰ ਚੁਣ ਸਕਦੇ ਹਨ। ਚੁਣੇ ਗਏ ਸਕੂਲਾਂ ਦੇ ਪਤੇ ਪੁਸ਼ਟੀਕਰਨ ਲਈ ਪੇਜ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ।

b. **"ਭਾਗ B – ਪ੍ਰਤਿਬੰਧਿਤ ਸਕੂਲ ਚੋਣਾਂ"** ਨੂੰ ਭਰਦੇ ਸਮੇਂ, ਮਾਪੇ ਸਕੂਲ ਕੋਡ (ਕੋਡਾਂ) ਜਾਂ ਸਕੂਲ ਦੇ ਨਾਮ (ਨਾਮਾਂ) ਨੂੰ ਦਰਜ਼ ਕਰਕੇ ਸਕੂਲ (ਸਕੂਲਾਂ) ਨੂੰ ਖੋਜ/ਚੁਣ ਸਕਦੇ ਹਨ ਜਾਂ ਪੇਜ ਦੇ ਸੱਜੇ ਪਾਸੇ ਉਹਨਾਂ ਦੇ ਬੱਚੇ ਦੇ ਸਕੂਲ ਨੈੱਟ ਲਈ ਸੈਕੇਂਡਰੀ ਸਕੂਲ ਸੂਚੀ ਵਿਚੋਂ ਸਕੂਲ (ਸਕੂਲਾਂ) **ਨੂੰ ਫਿਲਟਰ ਅਤੇ ਚੁਣ ਸਕਦੇ ਹਨ। ਮਾਪਿਆਂ ਨੂੰ ਆਪਣੀ ਤਰਜੀਹ ਦੇ ਕ੍ਰਮ ਵਿੱਚ ਸਕੂਲਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਜਿੰਨਾ ਮੁਮਕਿਨ ਹੋ ਸਕੇ 30 ਵਿਕਲਪਾਂ ਨੂੰ ਭਰਨਾ ਚਾਹੀਦਾ ਹੈ।** ਜੇਕਰ ਕੰਪਿਊਟਰ ਕਿਸੇ ਵਿਦਿਆਰਥੀ ਨੂੰ ਉਸ ਦੀਆਂ ਸਾਰੀਆਂ ਚੋਣਾਂ ਦੀ ਜਾਂਚ ਕਰਨ ਤੋਂ ਬਾਅਦ ਕੋਈ ਥਾਂ ਨਹੀਂ ਅਲਾਟ ਕਰ ਸਕਦਾ ਹੈ, ਤਾਂ ਉਸ ਨੂੰ ਉਸ ਦੀਆਂ ਚੋਣਾਂ ਤੋਂ ਬਾਹਰ ਸੈਕੰਡਰੀ ਸਕੂਲ[4] ਅਲਾਟ ਕੀਤਾ ਜਾਵੇਗਾ।

c. ਮਾਪੇ ਭਾਗ A ਅਤੇ B ਦੋਵਾਂ ਵਿੱਚ ਇੱਕੋ ਸਕੂਲ (ਸਕੂਲਾਂ) ਦੀ ਚੋਣ ਕਰ ਸਕਦੇ ਹਨ ਜੇਕਰ ਸਕੂਲ ਉਸ/ਉਨ੍ਹਾਂ ਸਕੂਲ (ਸਕੂਲਾਂ) ਵਿੱਚ ਹਨ ਜਿਸ ਨਾਲ ਉਹਨਾਂ ਦਾ ਬੱਚਾ ਸੰਬੰਧਤ ਹੈ। ਹਾਲਾਂਕਿ, ਜੇਕਰ ਇੱਕੋ ਭਾਗ ਵਿੱਚ ਵਾਰ-ਵਾਰ ਸਕੂਲੀ ਚੋਣਾਂ ਹੁੰਦੀਆਂ ਹਨ, ਤਾਂ ਸਿਸਟਮ ਦੁਆਰਾ ਇੱਕ ਸੁਨੇਹਾ ਪੋਪ-ਅਪ ਕੀਤਾ ਜਾਵੇਗਾ ਤਾਂ ਜੋ ਮਾਪਿਆਂ ਨੂੰ ਸੁਧਾਰ ਕਰਨ ਲਈ ਯਾਦ ਕਰਾਇਆ ਜਾ ਸਕੇ। ਭਾਗ A ਅਤੇ B ਵਿੱਚ ਸਕੂਲ ਦੀਆਂ ਚੋਣਾਂ ਭਰਨ ਤੋਂ ਬਾਅਦ, ਮਾਪਿਆਂ ਨੂੰ ਧਿਆਨ ਨਾਲ ਸਕੂਲ ਕੋਡ, ਸਕੂਲ ਦੇ ਨਾਮ ਅਤੇ ਜਿਲ੍ਹੇ ਦੇ ਕ੍ਰਮ ਵਿੱਚ ਹੋਣ ਦੀ ਜਾਂਚ ਕਰਨੀ ਚਾਹੀਦੀ ਹੈ; ਸੈਂਟ੍ਰਲ ਐਲੋਕੇਸ਼ਨ ਅਤੇ ਪਰਸਨਲ ਇਨਫਾਰਮੇਸ਼ਨ ਕਲੈਕਸ਼ਨ ਸਟੇਟਮੈਂਟ ਤੇ ਮਾਪਿਆਂ ਲਈ ਨੋਟਸ ਨੂੰ ਪੜ੍ਹੋ ਅਤੇ ਸਵੀਕਾਰ ਕਰੋ। ਫਿਰ ਚੋਣ ਫਾਰਮ ਦੀ **ਪੁਸ਼ਟੀ ਕਰਨ ਅਤੇ ਜਮ੍ਹਾਂ ਕਰਨ** ਦੇ ਨਾਲ, "iAM Smart+" ਤੇ ਡਿਜੀਟਲ ਤੌਰ ਤੇ ਦਸਤਖਤ ਕਰੋ।

[4] ਡਾਇਰੈਕਟ ਸਬਸਿਡੀ ਸਕੀਮ ਸਕੂਲਾਂ ਅਤੇ ਟਿੱਪਣੀ "ਵਿਦਿਆਰਥੀਆਂ ਨੂੰ ਇਸ ਸਕੂਲ ਦੇ ਵੰਡ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਉਨ੍ਹਾਂ ਨੇ ਇਸ ਨੂੰ ਆਪਣੀ ਚੋਣ ਵਿੱਚ ਸ਼ਾਮਿਲ ਨਹੀਂ ਕੀਤਾ ਹੈ" ਦੇ ਨਾਲ ਵਾਲੇ ਸਕੂਲਾਂ ਨੂੰ ਛੱਡ ਕੇ।

31. ਐਪਲੀਕੇਸ਼ਨਾਂ ਦੀ ਵੱਡੀ ਗਿਣਤੀ ਨੂੰ ਕੁਸ਼ਲਤਾ ਨਾਲ ਸੰਭਾਲਣ ਲਈ SSPA **ਈ-ਪਲੇਟਫਾਰਮ ਲਈ ਹਰੇਕ ਲੋਗਇਨ 30 ਮਿੰਟਾਂ ਤੱਕ ਸੀਮਿਤ ਹੈ।** ਜੇਕਰ ਲੋੜ ਹੋਵੇ, ਤਾਂ ਮਾਪੇ "ਡ੍ਰਾਫਟ ਦੇ ਤੌਰ ਤੇ ਸੁਰੱਖਿਅਤ ਕਰੋ" ਫੰਕਸ਼ਨ ਦੀ ਚੰਗੀ ਵਰਤੋਂ ਕਰ ਸਕਦੇ ਹਨ, ਅਤੇ ਅਗਲੇ ਲਾਗਿਨ ਸੈਸ਼ਨ ਤੇ ਸੰਬੰਧਤ ਐਪਲੀਕੇਸ਼ਨ ਨੂੰ ਜਮ੍ਹਾਂ ਕਰਨਾ ਜਾਰੀ ਰੱਖ ਸਕਦੇ ਹਨ। "ਡ੍ਰਾਫਟ ਦੇ ਰੂਪ ਵਿੱਚ ਸੁਰੱਖਿਅਤ ਕਰੋ" ਸਥਿਤੀ ਦੇ ਤਹਿਤ ਵਿਕਲਪ ਫਾਰਮਾਂ ਲਈ, ਕਿਰਪਾ ਕਰਕੇ ਧਿਆਨ ਦਿਓ ਕਿ ਮਾਤਾ ਪਿਤਾ ਨੂੰ "iAM Smart+" ਨਾਲ ਡਿਜੀਟਲ ਤੌਰ ਤੇ ਦਸਤਖਤ ਕਰਨੇ ਚਾਹੀਦੇ ਹਨ, ਅਤੇ ਸਮੇਂ ਸਮਾਪਤੀ ਤੋਂ ਪਹਿਲਾਂ ਅਰਜ਼ੀ ਪ੍ਰਕ੍ਰਿਆਵਾਂ ਨੂੰ ਪੂਰਾ ਕਰਨ ਲਈ ਆਪਣੇ ਬੱਚੇ ਦੇ ਮੌਜੂਦਾ ਸਕੂਲ ਵਿੱਚ ਚੋਣ ਫਾਰਮ ਜਮ੍ਹਾਂ ਕਰਾਉਣੇ ਚਾਹੀਦੇ ਹਨ। ਸਫਲ ਸਪੁਰਦਗੀ ਤੋਂ ਬਾਅਦ ਸੰਬੰਧਤ ਸਪੁਰਦਗੀ ਸਥਿਤੀ ਨੂੰ "SUBMITTED" ਵਜੋਂ ਅਪਡੇਟ ਕੀਤਾ ਜਾਵੇਗਾ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ)। ਇਸ ਦੇ ਨਾਲ ਹੀ, ਮਾਪਿਆਂ ਨੂੰ SSPA ਈ-ਪਲੇਟਫਾਰਮ ਦੁਆਰਾ ਜਾਰੀ ਕੀਤੀ ਇੱਕ ਰਸੀਦ ਈਮੇਲ ਪ੍ਰਾਪਤ ਹੋਵੇਗੀ।

Application History

Form Name	Status	Date Submitted
Secondary One Choice of Schools Form	SUBMITTED	20.4.2024 18:05:04

32. ਜੇਕਰ ਮਾਪਿਆਂ ਨੇ ਇੱਕ ਸੈਕੰਡਰੀ ਸਕੂਲ ਚੁਣਿਆ ਹੈ ਜੋ ਇਸ ਵੰਡ ਚੱਕਰ ਵਿੱਚ SSPA ਸਿਸਟਮ ਅਧੀਨ S1 ਸਥਾਨਾਂ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਉਸ ਸਕੂਲ ਦੀ ਚੋਣ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ।

ਪੇਪਰ ਚੋਣ ਫਾਰਮ ਭਰਨਾ

33. **ਭਾਗ A** ਭਰਨ ਵੇਲੇ, ਮਾਪੇ ਕਿਸੇ ਵੀ ਸਕੂਲ ਨੈੱਟ (ਵਿਦਿਆਰਥੀ ਦੇ ਸਕੂਲ ਨੈੱਟ ਸਮੇਤ) ਤੋਂ ਇੱਕ ਤੋਂ ਤਿੰਨ ਸਕੂਲਾਂ ਦੀ ਚੋਣ ਕਰ ਸਕਦੇ ਹਨ। ਮਾਪਿਆਂ ਨੂੰ **ਹੈਂਡਬੁੱਕ** ਦਾ ਫਾਇਦਾ ਲੈਣਾ ਚਾਹੀਦਾ ਹੈ ਅਤੇ ਆਪਣੀ ਚੋਣ ਦੀ ਤਰਜੀਹ ਅਨੁਸਾਰ ਹੈਂਡਬੁੱਕ ਵਿੱਚ 3-ਅੰਕ ਵਾਲੇ ਸਕੂਲ ਕੋਡ ਨੂੰ ਚੋਣ ਫਾਰਮ ਦੇ ਖਾਨੇ ਵਿੱਚ ਭਰਨਾ ਚਾਹੀਦਾ ਹੈ। ਕੰਪਿਊਟਰ ਭਾਗ B ਵਿੱਚ ਸਕੂਲ ਦੀ ਚੋਣਾਂ ਦੀ ਪ੍ਰਕਿਰਿਆ ਕਰਨ ਤੋਂ ਪਹਿਲਾਂ ਭਾਗ A ਵਿਚਲੇ ਸਾਰੇ ਵਿਦਿਆਰਥੀਆਂ ਦੇ ਸਕੂਲ ਚੋਣ ਦੀ ਪ੍ਰਕਿਰਿਆ ਕਰੇਗਾ। ਜੇ ਕਿਸੇ ਵਿਦਿਆਰਥੀ ਨੂੰ ਭਾਗ A ਵਿੱਚ ਇੱਕ ਸੈਕੰਡਰੀ ਸਕੂਲ ਦੇ ਸਥਾਨ ਦੀ ਸਫਲਤਾਪੂਰਵਕ ਵੰਡ ਗਈ ਹੈ, ਤਾਂ ਕੰਪਿਊਟਰ ਭਾਗ B ਵਿੱਚ ਉਸ ਦੀ ਸਕੂਲ ਦੀਆਂ ਚੋਣਾਂ ਦੀ ਪ੍ਰਕਿਰਿਆ ਨਹੀਂ ਕਰੇਗਾ।

34. **ਭਾਗ B** ਭਰਨ ਵੇਲੇ ਜਿੱਥੇ "ਸੀਮਿਤ ਸਕੂਲ ਚੋਣਾਂ" ਕੀਤੀਆਂ ਜਾਂਦੀਆਂ ਹਨ, ਮਾਪਿਆਂ ਨੂੰ **ਸਕੂਲ ਸੂਚੀ** ਵਿੱਚ 3-ਅੰਕ ਵਾਲੇ ਸਕੂਲ ਕੋਡ ਦਾ ਸੰਬੋਧਨ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਤਰਜੀਹ ਦੇ ਅਨੁਸਾਰ ਚੋਣ ਫਾਰਮ ਦੇ ਬਕਸੇ ਵਿੱਚ ਸਕੂਲ ਚੋਣ ਭਰਨੀਚਾਹੀਦੀ ਹੈ। **ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਕੂਲ ਨੈੱਟ ਵਿੱਚ ਭਾਗ B ਵਿੱਚ ਆਪਣੀ ਪਸੰਦ ਦੇ ਕ੍ਰਮ ਵਿੱਚ ਸਕੂਲ ਭਰਨ ਅਤੇ ਜਿੱਥੇ ਤੱਕ ਸੰਭਵ ਹੋਵੇ 30 ਵਿਕਲਪ ਭਰਨ।** ਜੇਕਰ ਕੰਪਿਊਟਰ ਚੋਣ ਦੀ ਜਾਂਚ ਦੇ ਬਾਅਦ ਕਿਸੇ ਵਿਦਿਆਰਥੀ ਨੂੰ ਸਥਾਨ ਨਹੀਂ ਦੇ ਸਕਦਾ, ਤਾਂ ਉਸ ਨੂੰ ਉਸਦੀ ਚੋਣ ਦੇ ਬਾਹਰ ਇੱਕ ਸੈਕੰਡਰੀ ਸਕੂਲ[5] ਦਾ ਸਥਾਨ ਦਿੱਤਾ ਜਾਵੇਗਾ।

35. ਮਾਪੇ ਭਾਗ A ਵਿੱਚ ਕਿਸੇ ਵੀ ਸਕੂਲ ਨੈੱਟ ਤੋਂ ਸਕੂਲਾਂ ਦੀ ਚੋਣ ਕਰ ਸਕਦੇ ਹਨ। ਜੇਕਰ ਉਹਨਾਂ ਦੁਆਰਾ ਭਾਗ A ਵਿੱਚ ਦਰਸਾਏ ਗਏ ਸੈਕੇਂਡਰੀ ਸਕੂਲ ਵੀ ਉਹਨਾਂ ਦੇ ਬੱਚੇ ਦੇ ਸਕੂਲ ਨੈੱਟ ਵਿੱਚ ਸਥਿਤ ਹਨ, ਤਾਂ ਉਹ ਇਹਨਾਂ ਸਕੂਲਾਂ ਨੂੰ ਭਾਗ B ਵਿੱਚ ਸ਼ਾਮਲ ਕਰ ਸਕਦੇ ਹਨ । ਹਾਲਾਂਕਿ, ਮਾਪਿਆਂ ਨੂੰ ਉਸੇ ਭਾਗ ਵਿੱਚ ਇੱਕੋ ਸਕੂਲ ਦੀ ਵਾਰ-ਵਾਰ ਚੋਣ ਨਹੀਂ ਕਰਨੀ ਚਾਹੀਦੀ। ਕੰਪਿਊਟਰ ਦੁਆਰਾ ਇੱਕੋ ਭਾਗ ਵਿੱਚ ਇੱਕ ਸਕੂਲ ਕੋਡ ਦੀ ਚੋਣ 'ਤੇ ਪ੍ਰਕਿਰਿਆ ਸਿਰਫ਼ ਇੱਕ ਵਾਰ ਹੀ ਕੀਤੀ ਜਾਵੇਗੀ।

36. ਮਾਪਿਆਂ ਨੂੰ ਧਿਆਨ ਨਾਲ ਚੈੱਕ ਕਰਨਾ ਚਾਹੀਦਾ ਹੈ ਕਿ ਚੋਣ ਫਾਰਮ ਵਿੱਚ ਦਾਖਿਲ ਕੀਤੇ ਜਾਣ ਵਾਲੇ ਸਕੂਲ ਕੋਡ ਹੈਂਡਬੁੱਕ ਅਤੇ ਸਕੂਲ ਸੂਚੀ ਵਿੱਚ ਸ਼ਾਮਿਲ ਹੋਣ। <u>ਅਵੈਧ ਜਾਂ ਗ਼ਲਤ ਸਕੂਲ ਕੋਡ 'ਤੇ ਪ੍ਰਕਿਰਿਆ ਨਹੀਂ ਕੀਤੀ ਜਾਏਗੀ।</u> ਇਸ ਤੋਂ ਇਲਾਵਾ, ਜੇਕਰ ਮਾਪਿਆਂ ਨੇ ਇੱਕ ਅਜਿਹੇ ਸੈਕੰਡਰੀ ਸਕੂਲ ਦੀ ਚੋਣ ਕੀਤੀ ਹੈ ਜੋ SSPA ਪ੍ਰਣਾਲੀ ਤਹਿਤ ਇਸ ਵੰਡ ਚੱਕਰ ਵਿੱਚ S1 ਸਥਾਨ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਉਸ ਸਕੂਲੀ ਚੋਣ ਦੀ ਪ੍ਰਕਿਰਿਆ ਨਹੀਂ ਕੀਤੀ ਜਾਵੇਗੀ।

---

[5] ਡਾਇਰੈਕਟ ਸਬਸਿਡੀ ਸਕੀਮ ਨੂੰ ਸਕੂਲਾਂ ਅਤੇ ਟਿੱਪਣੀ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਨਿਰਧਾਰਿਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਨ੍ਹਾਂ ਨੇ ਇਸ ਨੂੰ ਆਪਣੀਆਂ ਚੋਣ ਵਿੱਚ ਸ਼ਾਮਿਲ ਨਹੀਂ ਕੀਤਾ" ਦੇ ਨਾਲ ਵਾਲੇ ਸਕੂਲਾਂ ਨੂੰ ਛੱਡ ਕੇ।

37. ਜੇ ਮਾਪਿਆਂ ਨੂੰ SSPA ਸਿਸਟਮ ਵਿਚ ਹਿੱਸਾ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਉਨ੍ਹਾਂ ਦੇ ਬੱਚੇ ਨੂੰ ਵਿਵੇਕਸ਼ੀਲ ਸਥਾਨਾਂ ਦੀ ਸਫਲ ਸੂਚੀ ਵਿਚ ਸ਼ਾਮਲ ਕਰਨ ਬਾਰੇ ਸੂਚਿਤ ਕੀਤਾ ਗਿਆ ਹੈ ਜਾਂ ਉਨ੍ਹਾਂ ਦੇ ਬੱਚੇ ਨੂੰ Jockey Club Ti-I ਕੱਲੇਜ ਦੁਆਰਾ ਦਾਖਲਾ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਸਿਰਫ ਸਕੂਲ ਦੀਆਂ ਚੋਣਾਂ ਦੇ ਹਿੱਸਿਆਂ ਨੂੰ ਕੱਟ ਦੇਣਾ ਚਾਹੀਦਾ ਹੈ, ਅਤੇ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ ਚੋਣ ਫਾਰਮ 'ਤੇ ਦਸਤਖਤ ਕਰਨੇ ਪੈਣਗੇ ਅਤੇ ਸਕੂਲ ਦੀਆਂ ਚੋਣਾਂ ਦੇ ਹਿੱਸਿਆਂ ਤੇ ਇਹ ਦਰਸਾਉਣ ਲਈ ਕਿ ਉਨ੍ਹਾਂ ਨੂੰ ਸਕੂਲ ਦੀਆਂ ਚੋਣਾਂ ਕਰਨ ਦੀ ਜ਼ਰੂਰਤ ਨਹੀਂ ਹੈ (ਕਿਰਪਾ ਕਰਕੇ ਹੇਠ ਦਿੱਤੇ ਚਿੱਤਰ ਨੂੰ ਵੇਖੋ)। ਦੂਜੇ ਪਾਸੇ, ਜੇ ਕਿਸੇ ਵਿਦਿਆਰਥੀ ਨੂੰ NDSS ਸੈਕੰਡਰੀ ਸਕੂਲ ਦੁਆਰਾ ਦਾਖਲਾ ਦਿੱਤਾ ਜਾਂਦਾ ਹੈ ਅਤੇ ਉਸ ਦੇ ਮਾਤਾ ਪਿਤਾ ਨੇ ਆਪਣੇ ਨਾਲ ਇਕ ਪ੍ਰਣਾਲੀ ਮਾਤਾ-ਪਿਤਾ ਦੇ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਹਨ ਅਤੇ ਆਪਣਾ ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ ਸਕੂਲ ਨੂੰ ਸੌਂਪ ਦਿੱਤਾ ਹੈ, ਜਾਂ ਜਿਨ੍ਹਾਂ ਨੂੰ ਹੋਰ ਸਕੂਲ (ਜਿਵੇਂ ਕਿ ਅੰਤਰਰਾਸ਼ਟਰੀ ਸਕੂਲ ਜਾਂ ਪ੍ਰਾਈਵੇਟ ਸਕੂਲ) ਦੁਆਰਾ ਦਾਖਲ ਕੀਤਾ ਗਿਆ ਹੈ ਅਤੇ CA ਵਿੱਚ ਭਾਗ ਨਾ ਲੈਣ ਦਾ ਫੈਸਲਾ ਕੀਤਾ ਹੈ, ਉਸਦੇ / ਉਸਦੇ ਮਾਤਾ-ਪਿਤਾ ਨੂੰ ਸਕੂਲ ਦੀਆਂ ਚੋਣਾਂ ਦੇ ਹਿੱਸਿਆਂ ਨੂੰ ਕੱਟ ਦੇਣਾ ਚਾਹੀਦਾ ਹੈ, ਅਤੇ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ ਚੋਣ ਫਾਰਮ ਤੇ ਦਸਤਖਤ ਕਰਨੇ ਚਾਹੀਦੇ ਹਨ ਤਾਂ ਜੋ CA ਦੀ ਭਾਗੀਦਾਰੀ ਵਿੱਚ ਹਿੱਸਾ ਨਾ ਲੈਣ ਦੀ ਨੀਅਤ ਨੂੰ ਦਰਸਾਇਆ ਜਾ ਸਕੇ (ਕਿਰਪਾ ਕਰਕੇ ਹੇਠ ਦਿੱਤੇ ਚਿੱਤਰ ਨੂੰ ਵੇਖੋ)।


甲部 不受學校網絡制的學校選擇
Part A Unrestricted School Choices
這部分可選擇任何學校網的學校，包括學生所屬學校網。請參閱《不受學校網絡制選校手冊》，並依選擇的優先次序填上學校編號。電腦會先處理甲部的學校選擇。
You may select schools from ANY school nets, including the student's school net. Please refer to the "Handbook for Unrestricted School Choices" and enter the School Codes in order of preference. The school choices in Part A will be processed first.
第一選擇 First Choice 11 12
第二選擇 Second Choice 14 16
第三選擇 Third Choice 17 19
學校編號 School Code
乙部 按學校網的學校選擇
Part B Restricted School Choices
學生所屬學校網 Student's School Net HK2
請參閱學生所屬學校網的《中學一覽表》，並依選擇的優先次序填上網內的學校編號。學生如未獲分配甲部選填的學校，電腦便會處理乙部的學校選擇。
Please refer to the "Secondary School List" and enter the School Codes within student's school net in order of preference. The school choices in Part B will be processed if students are not allocated school places in Part A.
選擇次序 Order of Preference 1 2 3 4 5 6 7 8 9 10
學校編號 School Code
選擇次序 Order of Preference 11 12 13 14 15 16 17 18 19 20
學校編號 School Code
選擇次序 Order of Preference 21 22 23 24 25 26 27 28 29 30
學校編號 School Code
本人聲明，表內所選填的學校為本人閱讀《統一派位家長須知》後自願填寫的。
I certify that I have read the "Notes for Parents on Central Allocation" and I have made the above choices at my own will.
本人同意教育局透過電話短訊形式(SMS)通知學生的派位結果予本人。本人可接收 SMS 的手提電話號碼已填寫在右邊的方格內（如不同意接收 SMS 請留空此方格）。
Consent is given for the Education Bureau to inform me of the allocation results of the student via SMS message. My mobile phone number which can receive SMS is provided in the box on the right (please leave the box blank if you do not wish to receive SMS).
9876 XXXX
家長/監護人簽署 Signature of Parent/Guardian Chan T M
日期 Date XX/XX/2024
家長/監護人姓名（請用正楷填寫） Name of Parent/Guardian (In BLOCK Letters) Chan Tai Man
住址 Home Address Flat XX, XX Floor, XX Building, XX Road, HK
聯絡電話 Contact Tel. No. XXXX XXXX

ਜੇ ਮਾਪੇ ਸਕੂਲ ਦੀ ਚੋਣ ਨਹੀਂ ਕਰਦੇ ਅਤੇ ਚੋਣ ਫਾਰਮ 'ਤੇ CA ਵਿਚ ਹਿੱਸਾ ਨਾ ਲੈਣ ਦੇ ਆਪਣੇ ਇਰਾਦੇ ਦਾ ਸੰਕੇਤ ਨਹੀਂ ਦਿੰਦੇ, ਅਤੇ ਵਿਦਿਆਰਥੀਆਂ ਨੂੰ ਨਾ ਤਾਂ DP ਪੜਾਅ' ਤੇ ਸਕੂਲ ਦੀ ਜਗ੍ਹਾ ਨਿਰਧਾਰਤ ਕੀਤੀ ਜਾਂਦੀ ਹੈ, ਅਤੇ ਨਾ ਹੀ Jockey Club Ti-I College/ NDSS ਸੈਕੰਡਰੀ ਦੁਆਰਾ ਦਾਖਲਾ ਲਿਆ ਜਾਂਦਾ ਹੈ ਸਕੂਲ, ਵਿਦਿਆਰਥੀਆਂ ਨੂੰ ਸਥਾਪਤ ਅਲਾਟਮੈਂਟ ਵਿਧੀ ਦੇ ਅਨੁਸਾਰ ਸਕੂਲ ਸਥਾਨ ਨਿਰਧਾਰਤ ਕੀਤੇ ਜਾਣਗੇ ।

38. ਸਕੂਲ ਕੋਡ ਦਾਖਿਲ ਕਰਨ ਤੋਂ ਬਾਅਦ, ਮਾਪਿਆਂ ਨੂੰ ਬਲਾਕ ਅੱਖਰਾਂ ਵਿੱਚ ਮਾਤਾ-ਪਿਤਾ/ਸਰਪ੍ਰਸਤ ਦੇ ਨਾਮ ਨੂੰ ਭਰਨਾ ਚਾਹੀਦਾ ਹੈ, ਘਰ ਦਾ ਪਤਾ (ਜੇਕਰ ਕੌਂਸ-ਨੈੱਟ ਵੰਡ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਤਾਂ ਨਵੇਂ ਘਰ ਦਾ ਪਤਾ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ), ਘਰ ਦਾ ਟੈਲੀਫੋਨ ਨੰਬਰ ਅਤੇ ਫਿਰ ਚੋਣ ਫਾਰਮ 'ਤੇ ਦਸਤਖਤ ਕਰਨੇ ਚਾਹੀਦੇ ਹਨ। ਕ੍ਰਿਪਾ ਕਰਕੇ ਨੋਟ ਕਰੋ ਕਿ ਚੋਣ ਫਾਰਮ ਕੇਵਲ ਉਦੋਂ ਲਾਗੂ ਹੁੰਦਾ ਹੈ ਜਦੋਂ ਇਸ 'ਤੇ ਮਾਤਾ-ਪਿਤਾ/ਸਰਪ੍ਰਸਤ ਦੇ ਦਸਤਖਤ ਹੁੰਦੇ ਹਨ।

ਨੋਟ ਕਰਨ ਲਈ ਹੋਰ ਨੁਕਤੇ

39. ਕਿਰਪਾ ਕਰਕੇ ਯਾਦ ਰੱਖੋ ਕਿ ਇਸ ਚੱਕਰ (ਭਾਵ 9 ਜੁਲਾਈ 2024) ਦੇ ਅਲਾਟਮੈਂਟ ਦੇ ਨਤੀਜਿਆਂ ਦੀ ਘੋਸ਼ਣਾ ਵਾਲੇ ਦਿਨ ਦੀ ਸਵੇਰ 10 ਵਜੇ ਤੋਂ ਸ਼ੁਰੂ ਹੋ ਕੇ SSPA ਈ-ਪਲੇਟਫਾਰਮ ਉਪਭੋਗਤਾਵਾਂ ਵਜੋਂ ਰਜਿਸਟਰਡ ਮਾਪੇ SSPA ਈ-ਪਲੇਟਫਾਰਮ ਦੁਆਰਾ ਵੰਡ ਦੇ ਨਤੀਜੇ ਵੇਖ ਸਕਦੇ ਹਨ। EDB ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੇ ਵੰਡ ਦੇ ਨਤੀਜਿਆਂ ਬਾਰੇ SMS ਸੰਦੇਸ਼ਾਂ ਦੁਆਰਾ ਵੀ ਉਸੇ ਦਿਨ ਸਵੇਰੇ 10 ਵਜੇ ਤੋਂ ਸ਼ੁਰੂ ਕਰਦੇ ਹੋਏ ਸਫਲਤਾਪੂਰਵਕ ਸੂਚਿਤ ਕਰੇਗਾ। ਸਬੰਧਤ SMS ਸੰਦੇਸ਼ ਪ੍ਰਾਪਤ ਕਰਨ ਦੇ ਚਾਹਵਾਨ ਮਾਪਿਆਂ ਨੂੰ ਚੋਣ ਫਾਰਮ ਦੇ ਵਿਸੇਸ ਬਕਸੇ ਵਿੱਚ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਇੱਕ ਮੋਬਾਈਲ ਫੋਨ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ ਜਿਸ ਤੇ SMS ਸੰਦੇਸ਼ ਪ੍ਰਾਪਤ ਹੋ ਸਕੇ। P6 ਵਿਦਿਆਰਥੀਆਂ ਦੇ ਉਨ੍ਹਾਂ ਦੇ ਆਉਣ ਵਾਲੇ ਪ੍ਰਾਇਮਰੀ ਸਕੂਲਾਂ ਤੋਂ ਅਲਾਟਮੈਂਟ ਦੇ ਨਤੀਜੇ ਇਕੱਤਰ ਕਰਨ ਦੇ ਪ੍ਰਬੰਧ, ਅਤੇ ਨਾਲ ਹੀ ਅਲਾਟਮੈਂਟ ਨਤੀਜਿਆਂ ਦੀ ਘੋਸ਼ਣਾ ਨਾਲ ਸਬੰਧਤ ਹੋਰ ਪ੍ਰਸ਼ਾਸਨ ਦੇ ਪ੍ਰਬੰਧ, ਉਸੇ ਤਰ੍ਹਾਂ ਹੀ ਰਹਿਣਗੇ।

SSPA ਈ-ਪਲੇਟਫਾਰਮ ਤੇ ਚੋਣ ਫਾਰਮ ਤੇ ਨਿਰਧਾਰਤ ਸਥਾਨ



ਪੇਪਰ ਚੋਣ ਫਾਰਮ ਤੇ ਨਿਰਧਾਰਤ ਬਾਕਸ

40. ਚੋਣ ਫਾਰਮ ਵਿੱਚ ਮਾਪਿਆਂ ਦੁਆਰਾ ਮੁਹੱਈਆ ਕੀਤੇ ਗਏ ਨਿੱਜੀ ਡੇਟਾ ਨੂੰ ਸਕੂਲ ਦੇ ਸਥਾਨਾਂ ਦੀ ਵੰਡ ਲਈ ਅਤੇ ਹੋਰ ਸਿੱਖਿਆ-ਸੰਬੰਧਤ ਉਦੇਸ਼ਾਂ ਲਈ ਵਰਤਿਆ ਜਾਵੇਗਾ। ਇਕੱਠੀ ਕੀਤੀ ਗਈ ਜਾਣਕਾਰੀ ਦਾ ਖੁਲਾਸਾ ਤਸਦੀਕ ਅਤੇ ਹੋਰ ਸਿੱਖਿਆ ਨਾਲ ਸੰਬੰਧਿਤ ਉਦੇਸ਼ਾਂ ਲਈ ਹੋਰ ਸਰਕਾਰੀ ਵਿਭਾਗਾਂ ਜਾਂ ਉਸ ਸਕੂਲ ਨੂੰ ਵੀ ਕੀਤਾ ਜਾ ਸਕਦਾ ਹੈ ਜਿਸ ਵਿੱਚ ਵਿਦਿਆਰਥੀ ਦੀ ਵੰਡ ਹੋਈ ਹੈ ਜਾਂ ਭੇਜਿਆ ਗਿਆ ਹੈ। ਮਾਪਿਆਂ ਨੂੰ ਚੋਣ ਫਾਰਮ ਵਿੱਚ ਲੋੜ ਅਨੁਸਾਰ ਨਿੱਜੀ ਡੇਟਾ ਪ੍ਰਦਾਨ ਕਰਨਾ ਲਾਜ਼ਮੀ ਹੈ। ਜੇ ਪ੍ਰਦਾਨ ਕੀਤੀ ਗਈ ਜਾਣਕਾਰੀ ਅਧੂਰੀ ਹੈ, ਤਾਂ EDB ਸਕੂਲ ਸਥਾਨਾਂ ਦੀ ਵੰਡ ਲਈ ਅਰਜ਼ੀ 'ਤੇ ਕਾਰਵਾਈ ਨਹੀਂ ਕਰ ਸਕਦਾ।

ਸੰਦਰਭ

41. ਸਕੂਲ ਦੀ ਚੋਣ ਕਰਨ ਤੋਂ ਪਹਿਲਾਂ, ਮਾਪਿਆਂ ਨੂੰ SSPA ਪ੍ਰਣਾਲੀ ਦੇ 2022/24 ਸਾਈਕਲ ਦੇ ਸੰਬੰਧ ਵਿੱਚ EDB ਹੋਮਪੇਜ (https://www.edb.gov.hk) 'ਤੇ ਅਪਲੋਡ ਕੀਤੀ ਵੀਡੀਓ ਨੂੰ ਵੇਖਣਾ ਚਾਹੀਦਾ ਹੈ (ਚੁਣੋ: Education System and Policy > Primary and Secondary Education > School Places Allocation Systems > Secondary School Places Allocation (SSPA) System), ਜਾਂ SSPA ਪ੍ਰਣਾਲੀ ਦੇ ਵੇਰਵਿਆਂ ਲਈ ਉੱਪਰ ਦਿੱਤੇ ਮਾਰਗ ਨੂੰ ਫੋਲੋ ਕਰੋ।

42. ਸਕੂਲਾਂ ਬਾਰੇ ਜਾਣਕਾਰੀ ਲਈ ਮਾਤਾ-ਪਿਤਾ ਸੈਕੰਡਰੀ ਸਕੂਲ ਪ੍ਰੋਫਾਈਲ 2023/2024 ਦਾ ਫਾਇਦਾ ਵੀ ਲੈ ਸਕਦੇ ਹਨ। ਕਿਉਂਕਿ ਦਸੰਬਰ 2023 ਵਿੱਚ ਵੰਡੇ ਗਏ ਸੈਕੰਡਰੀ ਸਕੂਲ ਪ੍ਰੋਫਾਇਲ 2023/2024 ਦੇ ਪ੍ਰਿੰਟ ਕੀਤੇ ਸੰਸਕਰਣ ਵਿੱਚ ਨਵੇਂ ਜੋੜੇ ਗਏ ਸਕੂਲ ਜਾਂ ਨਵੀਨਤਮ ਸਕੂਲ ਜਾਣਕਾਰੀ ਸ਼ਾਮਿਲ ਨਹੀਂ ਹੋ ਸਕਦੀ, ਮਾਪਿਆਂ ਨੂੰ ਅੱਪਡੇਟ ਕੀਤੀ ਗਈ ਜਾਣਕਾਰੀ ਅਤੇ ਸੰਬੰਧਿਤ ਸਕੂਲਾਂ ਦੇ ਹਾਲ ਹੀ ਵਿੱਚ ਵਿਕਾਸ, ਉਨ੍ਹਾਂ ਦੇ ਕਲਾਸ ਦੇ ਢਾਂਚੇ ਸਮੇਤ ਅਤੇ ਪੇਸ਼ ਕੀਤੇ ਵਿਸ਼ਿਆਂ ਸਮੇਤ ਜਾਣਕਾਰੀ ਲਈ ਸੈਕੰਡਰੀ ਸਕੂਲ ਪ੍ਰੋਫਾਈਲ 2023/2024 (https://www.chsc.hk/secondary/en) ਦੇ ਵੈਬ ਸੰਸਕਰਣ ਦਾ ਹਵਾਲਾ ਲੈਣਾ ਚਾਹੀਦਾ ਹੈ। ਸਾਲ 2024/25 ਸਕੂਲੀ ਸਾਲ ਵਿੱਚ ਵਿਅਕਤੀਗਤ ਸਕੂਲਾਂ ਦੁਆਰਾ ਚਲਾਏ ਜਾਣ ਵਾਲੇ S1 ਕਲਾਸਾਂ ਦੀ ਗਿਣਤੀ ਮੌਜੂਦਾ ਸਕੂਲ ਸਾਲ ਤੋਂ ਵੱਖ ਹੋ ਸਕਦੀ ਹੈ।

ਮਹੱਤਵਪੂਰਣ ਤਾਰੀਖਾਂ

43. ਵੰਡ ਦੇ ਨਤੀਜਿਆਂ ਦੀ ਘੋਸ਼ਣਾ ਲਈ ਤਾਰੀਖਾਂ ਅਤੇ SSPA 2022/2024 ਲਈ ਨਿਰਧਾਰਿਤ ਸੈਕੰਡਰੀ ਸਕੂਲਾਂ ਨਾਲ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਹਨ:

ਵੰਡ ਦੇ ਨਤੀਜਿਆਂ ਦੀ ਘੋਸ਼ਣਾ:	9 ਜੁਲਾਈ 2024
ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ:	11 ਅਤੇ 12 ਜੁਲਾਈ 2024

ਪੁੱਛ-ਗਿੱਛ

44. ਜੇ ਮਾਪਿਆਂ ਨੂੰ ਚੋਣ ਫਾਰਮ ਦੇ ਮੁਕੰਮਲ ਹੋਣ ਬਾਰੇ ਪੁੱਛ-ਗਿੱਛ ਦੀ ਲੋੜ ਹੈ ਤਾਂ ਉਨ੍ਹਾਂ ਨੂੰ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਮਾਪੇ SSPA ਪ੍ਰਣਾਲੀ ਬਾਰੇ ਜਾਣਕਾਰੀ ਲਈ 2891 0088 'ਤੇ EDB ਦੀ ਆਟੋਮੈਟਿਕ ਟੈਲੀਫ਼ੋਨ ਜਾਂਚ ਸੇਵਾ ਨੂੰ ਵੀ ਫੋਨ ਕਰ ਸਕਦੇ ਹਨ। ਹੋਰ ਪੁੱਛ-ਗਿੱਛ ਦੇ ਮਾਮਲੇ ਵਿੱਚ, ਮਾਤਾ-ਪਿਤਾ 2832 7740 ਜਾਂ 2832 7700 'ਤੇ EDB ਦੇ ਸਕੂਲ ਸਥਾਨਾਂ ਦੀ ਵੰਡ ਸੈਕਸ਼ਨ (ਸੈਕੰਡਰੀ ਸਕੂਲ ਸਥਾਨਾਂ ਦੀ ਵੰਡ) ਨਾਲ ਸੰਪਰਕ ਕਰ ਸਕਦੇ ਹਨ।

ਸਕੂਲ ਦੇ ਸਥਾਨਾਂ ਦੀ ਵੰਡ ਸੈਕਸ਼ਨ ਦੁਆਰਾ ਨਿਰਮਿਤ
ਸਿੱਖਿਆ ਬਿਊਰੋ
(ਮਾਰਚ 2024 ਵਿੱਚ ਛਾਪਿਆ ਗਿਆ)